ਹਿਤ ਸਰੋਤ

ਅਕਤੂਬਰ 2005

ਜਿਸ ਆਤਮਾ ਦੇ ਅੰਦਰ ਨੇਚਰ ਦੇ ਕਿਸੇ ਸਬੰਧੀ ਦੇ ਸਬੰਧ ਵਿੱਚ ਆਪਣੀ ਕਿਸੇ
ਨੀਚ ਗਤੀ ਦੇ ਲਈ ਕੋਈ ਆਘਾਤ ਜਾਂ ਕਲੇਸ਼ ਨਾ ਹੁੰਦਾ ਹੋਵੇ ਅਤੇ
ਕਿਸੇ ਬੁਰਾਈ ਜਾਂ ਅਹਿੱਤ ਦੇ ਉਤਪੰਨ ਹੋਣ ਨਾਲ ਉਸ ਦੇ
ਹਿਰਦੇ ਤੇ ਕੋਈ ਚੋਟ ਨਾ ਲਗਦੀ ਹੋਵੇ ਅਤੇ ਉਹ ਕਦੇ
ਬੇਚੈਨ ਤੇ ਬੇਕਰਾਰ ਨਾ ਹੁੰਦਾ ਹੋਵੇ, ਉਸ ਦੇ
ਜਿਉਣ ਦੀ ਕੋਈ ਆਸ਼ਾ ਨਹੀਂ। ਹਾਂ,
ਉਸ ਦਾ ਵਿਨਾਸ਼ ਹੋ ਜਾਣਾ
ਲਾਜ਼ਮੀ ਹੈ।

— ਦੇਵ ਆਤਮਾ

Remaining Page 20

ਸੂਬੇਦਾਰ ਸਾਹਿਬ ਅਤੇ ਕਰਨਲ ਸਾਹਿਬ Uncle ਨੇ ਵੀ ਸ਼ਾਮਲ ਹੋ ਕੇ ਖੁਸ਼ੀ ਹਾਸਲ ਕੀਤੀ। ਸ਼੍ਰੀ ਰਣਜੀਤ ਸਿੰਘ ਜੀ ਨੇ ਛੁਟੀ ਲੈ ਕੇ ਸ਼੍ਰੀਮਾਨ ਜੀ ਨੂੰ ਟ੍ਰਾਂਟੋਂ ਅੰਦਰ ਜਿਸ ਜਿਸ ਥਾਂ ਤੇ ਜਾਣਾ ਸੀ, ਆਪਣੀ ਕਾਰ ਤੇ ਲੈ ਜਾਣ ਦੀ ਖੁਸ਼ੀ-ਖੁਸ਼ੀ ਸੇਵਾ ਕੀਤੀ।

ਰਾਤ ਨੂੰ ਪ੍ਰੋਗਰਾਮ, ਬੀਬੀ ਗੀਟਾ ਜੀ ਨੇ ਬਹੁਤ ਚਾਅ ਨਾਲ ਪਿੱਛਲੇ ਸਾਲ ਵਾਂਗ ਆਪਣੇ ਘਰ ਰਖਵਾਇਆ। ਉੱਥੇ ਇਕ ਦਰਜਨ ਦੇ ਕਰੀਬ ਜਨ ਜੁੜ ਗਏ।2 ਜਾਂ 2.30 ਘੰਟੇ ਗੱਲ-ਬਾਤ ਹੁੰਦੀ ਰਹੀ। ਸ਼੍ਰੀਮਾਨ ਜੀ ਨੇ ਗੀਟਾ ਜੀ ਦੀਆਂ ਡਾਕਟਰ ਬੱਚੀਆਂ ਨੂੰ ਅਲੱਗ ਬਿਠਾ ਕੇ English ਵਿੱਚ ਸਭਾ ਕਰਾਈ। ਉਨ੍ਹਾਂ ਦਾ ਧਿਆਨ ਆਪਣੇ ਜੀਵਨ ਵਲ ਫੇਰਨ ਦਾ ਯਤਨ ਕੀਤਾ। ਉਹ ਬਹੁਤ ਖੁਸ਼ ਹੋਈਆਂ। ਗੀਟਾ ਜੀ ਉਨ੍ਹਾਂ ਦੇ ਪਤੀ ਤੇ ਉਨ੍ਹਾਂ ਦੀ ਭਾਵਜਾ ਦੇ ਪਰਿਵਾਰ ਨੇ ਹਾਜਰੀਨ ਦੀ ਬਹੁਤ ਸੇਵਾ ਕੀਤੀ। ਬਹੁਤ ਸਤਿਕਾਰ ਨਾਲ ਹਾਜਰੀਨ ਨੂੰ ਚਾਹ ਮਿਠਾਈ ਆਦਿ ਅਤੇ ਸਵਾਦਦਾਰ ਭੋਜਨ ਖੁਆਇਆ। ਸਮਾਜ ਲਈ ਗੀਟਾ ਜੀ ਨੇ 101 ਡਾਲਰ ਦਾਨ ਵਿੱਚ ਖੁਸ਼ੀ-ਖੁਸ਼ੀ ਦਿਤਾ। ਕਾਫੀ ਰਾਤ ਹੋਣ ਤੇ ਸ਼੍ਰੀਮਾਨ ਜੀ ਅਤੇ ਬਲਵੰਤ ਰਾਏ ਜੀ ਆਦਿ ਵਾਪਸ ਘਰ ਪੁੱਜੇ।

15 ਅਗਸਤ ਸ਼ਾਮ ਨੂੰ ਸ਼੍ਰੀਮਾਨ ਜੀ, ਸ਼੍ਰੀਮਾਨ ਜਸਮਿੰਦਰ ਸਿੰਘ ਜੀ ਚਹਿਲ ਪਾਸ ਪੁੱਜ ਗਏ। ਅਗਲੇ ਦਿਨ ਸਵੇਰ ਉਨ੍ਹਾਂ ਨੂੰ ਬਿਠਾ ਕੇ ਦੋ ਘੰਟੇ ਦੇ ਕਰੀਬ ਕਈ ਸਚਾਈਆਂ ਸਮਝਾਈਆਂ। ਬ੍ਰਹਮੰਡ ਕਿਵੇਂ ਚਲਦਾ ਹੈ? ਸਚਾਈ ਦੀਆਂ ਕਸੌਟੀਆਂ ਕੀ ਹਨ? ਵਿਗਿਆਨਕ ਵਿੱਧੀ ਕਿਸ ਨੇ ਖੋਜੀ ਹੈ? ਪਰੀਵਰਤਨ ਦਾ ਨੇਮ ਕਿਸ ਦੀ ਖੋਜ ਹੈ? ਵਿਕਾਸ ਦਾ ਨੇਮ ਕਿਸ ਨੇ ਜਾਣਿਆਂ ਹੈ? ਆਤਮਾ ਦੇ ਅੰਗ ਜਾਂ ਗਠਨ ਕੀ ਹੈ? ਉਕਤ ਸਭ ਸਵਾਲਾਂ ਦਾ ਤੇ ਹੋਰ ਪੁੱਛ -ਗਿੱਛ ਦਾ ਉਨ੍ਹਾਂ ਨੂੰ ਤਸੱਲੀ ਬਖਸ਼ ਜਵਾਬ ਦਿੱਤਾ ਗਿਆ। ਚਹਿਲ ਜੀ ਨੇ ਹਜਾਰ ਰੁਪਏ ਦਾਨ ਦਿੱਤਾ। ਉਸ ਦਿਨ ਸ਼ਾਮ ਨੂੰ ਸ਼੍ਰੀਮਾਨ ਜੀ ਬੀਬੀ ਸਵੀਟ ਪਾਸ ਪੁੱਜ ਗਏ। ਉਥੇ ਉਹ 16 ਅਗਸਤ ਸਾਰਾ ਦਿਨ ਅਤੇ 17 ਦੀ ਦੁਪਹਿਰ ਤੱਕ ਰਹੇ। ਸਵੀਟ ਤੇ ਉਨ੍ਹਾਂ ਦੇ ਪੁੱਤਰ ਨਾਲ ਕਾਫੀ ਹਿਤਕਰ ਗੱਲਬਾਤ ਹੁੰਦੀ ਰਹੀ। ਬੱਚਾ ਸਮੀਰ ਬਹੁਤ ਦਿਲਚਸਪੀ ਨਾਲ ਬਹੁਤ ਸਵਾਲ ਕਰਦਾ ਰਿਹਾ। ਬਹੁਤ ਖੁਸ਼ੀ ਮਹਿਸੂਸ ਕਰਦਾ ਰਿਹਾ। 17 ਤਾਰੀਖ ਨੂੰ ਹੀ ਬੀਬੀ ਬੀਰ ਬਾਲਾ ਜੀ ਵੀ ਕੋਈ ਅੱਧਾ ਘੰਟਾ ਉਥੇ ਆ ਕੇ ਮਿਲ ਗਈਆਂ। 2 ਵਜੇ ਸ਼੍ਰੀਮਾਨ ਜੀ ਨੂੰ ਬੀਬੀ ਸਵੀਟ ਏਅਰਪੋਰਟ ਛੱਡ ਗਈਆਂ।

ਇਸ ਪ੍ਰਕਾਰ ਟ੍ਰਾਂਟੋਂ ਦਾ ਪ੍ਰੋਗਰਾਮ ਕਿਸੇ ਹਦ ਤਕ ਸਫਲ ਰਿਹਾ। ਬਲਵੰਤ ਰਾਏ ਜੀ ਅਤੇ ਚਹਿਲ ਸਾਹਿਬ ਪਿੱਛੋਂ ਵੀ ਫੋਨ ਕਰਕੇ ਅਪਣੀ ਖੁਸ਼ੀ ਦਾ ਪ੍ਰਕਾਸ਼ ਕਰਦੇ ਰਹੇ।

(**ਇੱਕ ਸੇਵਕ**)

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,
House No. 3154,
Sector 21-D, Chandigarh-160022,
Phone (95-172)-2716914 / 2716139.

ਹਿਤ ਸਰੋਤ

ਖੰਡ–18 ਜੁਲਾਈ 2005 **ਸੰਪਾਦਕ :**

ਅੰਕ –6 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਨਿੱਜ ਦਾ ਧਰਮ ਸਾਧਨ

ਪਰਮ–ਪੂਜਨੀਕ ਭਗਵਾਨ ਦੇਵ– ਆਤਮਾ ਵਿਕਾਸ ਕ੍ਰਮ ਵਿੱਚ ਅਧਿਆਤਮਿਕ ਜਗਤ ਦੇ ਨਿਰਾਲੇ ਸੂਰਜ ਪ੍ਰਗਟ ਹੋਏ ਹਨ। ਉਹ ਮਾਨਵੀ ਰੂਹਾਂ ਲਈ ਅਦੁਤੀ ਰੋਸ਼ਨੀ ਤੇ ਤੇਜ ਲੈ ਕੇ ਪ੍ਰਗਟ ਹੋਏ ਹਨ। ਉਨ੍ਹਾਂ ਆਪਣੀ ਜੋਤੀ ਅਤੇ ਸ਼ਕਤੀ ਦੇ ਅਦੁੱਤੀ ਪ੍ਰਭਾਵਾਂ ਨੂੰ ਅਧਿਕਾਰੀ ਰੂਹਾਂ ਅੰਦਰ ਸੰਚਾਰ ਕਰਕੇ, ਉਨ੍ਹਾਂ ਅੰਦਰ ਲਾਜਵਾਬ ਉੱਚ ਪਰਿਵਤਨ ਪੈਦਾ ਕਰਕੇ ਨਵਾਂ ਜਗਤ ਪੈਦਾ ਕੀਤਾ ਹੈ। ਇਕ ਨਵੀਂ ਅਦੁਤੀ ਅਤੀ ਬਲ–ਸ਼ਾਲੀ ਤਹਿਰੀਕ ਜਾਂ ਅੰਦੋਲਨ ਪੈਦਾ ਕੀਤਾ ਹੈ।

ਦੇਵ–ਆਤਮਾ ਪਰ–ਹਿਤ ਦੇ ਪੂਰਨ ਅਨੁਰਾਗੀ ਹੋ ਕੇ ਜਿਸ ਪ੍ਰਕਾਰ ਵਿਆਕੁਲਤਾ ਨਾਲ ਅਧਿਕਾਰੀ ਰੂਹਾਂ ਤਕ ਆਪਣੀ ਜੋਤੀ ਸ਼ਕਤੀ ਨੂੰ ਪਹੁੰਚਾਉਣਾ ਚਾਹੁੰਦੇ ਹਨ ਉਸ ਦਾ ਸ਼ਬਦਾਂ ਵਿੱਚ ਬਿਆਨ ਨਹੀਂ ਹੋ ਸਕਦਾ।

ਦੇਵ–ਆਤਮਾ ਕਿਸ ਵਿਆਕੁਲਤਾ ਤੇ ਤੜਪ ਨਾਲ ਭਰ ਕੇ ਚਾਹੁੰਦੇ ਹਨ ਕਿ ਮੇਰੇ ਸੇਵਕ ਆਪ ਵੀ ਮੇਰੀ ਅਦੁਤੀ ਤੇ ਨਿਰਾਲੀ ਜੋਤੀ ਸ਼ਕਤੀ ਨੂੰ ਅਪਣੇ ਨਿੱਜ ਦੇ ਸਾਧਨ ਦੁਆਰਾ ਪ੍ਰਾਪਤ ਕਰਨ। ਐਪਰ ਸਾਡੀ ਮਨੁਖੀ ਆਤਮਾ ਦੀ ਦੁਨੀਆਂ ਹੀ ਹੋਰ ਹੈ। ਅਸੀਂ ਨੀਚ ਸੁਖਾਂ ਵਿੱਚ ਗਲਤਾਨ ਹੋ ਕੇ ਮਸਤ ਹੋ ਜਾਂਦੇ ਹਾਂ ਤੇ ਨਿੱਜ ਦਾ ਸਾਧਨ ਕੇਵਲ ਕੋਈ ਵਿਰਲੇ ਹੀ ਕਰ ਪਾਉਂਦੇ ਹਨ। ਦੇਵ–ਆਤਮਾ ਨੂੰ ਜਦ ਆਪਣੇ ਹੀ ਸੇਵਕਾਂ ਦੀ ਅਜਿਹੀ ਦੁਖਦਾਈ ਤੇ ਤਰਸਨਾਕ ਹਾਲਤ ਦਾ ਪਤਾ ਚਲਦਾ ਹੈ ਕਿ ਸੇਵਕ ਆਪਣਾ ਸਾਧਨ ਨਹੀਂ ਕਰਦੇ ਅਤੇ ਉਹ ਜੋ ਨਵੀਂ ਜੋਤੀ ਸ਼ਕਤੀ ਲੈ ਕੇ ਆਏ ਹਨ, ਜੋ ਮਨੁੱਖੀ ਰੂਹਾਂ ਲਈ ਜਾਣ–ਪ੍ਰਾਣ ਦੀ ਚੀਜ਼ ਹੈ, ਉਸ ਦੀ ਪ੍ਰਾਪਤੀ ਲਈ ਕੋਈ ਉਤਸਾਹ ਨਹੀਂ ਰੱਖਦੇ, ਕੋਈ ਯਤਨ ਸੰਗਰਾਮ ਨਹੀਂ ਕਰਦੇ ਤਾਂ ਉਨ੍ਹਾਂ ਦੇ ਦੇਵ–ਹਿਰਦੇ ਤੇ ਬਹੁਤ ਆਘਾਤ ਲਗਦਾ ਹੈ। ਉਨ੍ਹਾਂ ਨੂੰ ਬੜਾ ਦੁੱਖ ਪਹੁੰਚਦਾ ਹੈ। ਸਾਡੀ ਸੇਵਕਾਂ ਦੀ ਅਜਿਹੀ ਦੁਰਬਲ ਤੇ ਤਰਸਨਾਕ ਹਾਲਤ ਨੂੰ ਵੇਖ ਕੇ ਦੇਵ–ਆਤਮਾ ਨੇ ਇੱਕ ਵੇਰ ਬੇਬਸ ਹੋਕੇ ਇਸ ਪ੍ਰਕਾਰ ਆਪਣੇ ਦੁਖ ਦਾ ਪ੍ਰਕਾਸ਼ ਕੀਤਾ ਸੀ:–

''ਕੀ ਇਹ ਗਜ਼ਬ ਅਤੇ ਹਨੇਰ ਨਹੀਂ ਕਿ ਦੇਵ–ਆਤਮਾ ਦੇ ਸੇਵਕ ਸਾਧਨ ਨਹੀਂ ਕਰਦੇ'' ਉਪਰੋਕਤ ਸ਼ਬਦ ਅੰਦਰ ਕਿੰਨੀ ਤਕਲੀਫ਼ ਤੇ ਦੁਖ ਦਾ ਵਰਨਣ ਹੈ, ਸਾਡੀ ਆਪਣੇ ਨਿਜ ਦੇ ਸਾਧਨ ਪ੍ਰਤੀ ਗਫਲਤ ਤੇ ਅਣ–ਗਹਿਲੀ ਨੂੰ ਦੇਖ ਕੇ।

ਗੁਰੂ ਮਹਾਰਾਜ ਆਪਣੀ ਸੇਵਾ ਤੋਂ ਹਟਾ ਕੇ ਲੋਕਾਂ ਨੂੰ ਸਿਮਲਤ ਸਾਧਨਾਂ ਵਿੱਚ ਭੇਜ ਦਿੰਦੇ ਸਨ। ਆਪਣੀ ਸੇਵਾ ਉਨ੍ਹਾਂ ਲਈ ਕਦੀ ਮੁੱਖ ਚੀਜ਼ ਨਹੀਂ ਸੀ, ਸਦਾ ਪਰ–ਹਿਤ ਹੀ ਮੁਖ ਵਸਤੂ ਸੀ।

ਉਨ੍ਹਾਂ ਇਸ ਸਬੰਧ ਵਿੱਚ ਸਾਡੇ ਹਿੱਤ ਨਿਮਿੱਤ

ਬਹੁਤ ਕੁਝ ਫਰਮਾਇਆ ਹੈ:-

"ਆਪਣੀ ਨੀਂਦ ਨੂੰ ਪ੍ਰਤੀ ਦਿਨ ਤਿਆਗ ਕੇ ਨਿੱਜ ਦੇ ਸਾਧਨ ਨੂੰ ਉੱਚਿਤ ਵਿੱਧੀ ਨਾਲ ਪੂਰਾ ਕਰਨਾ ਚਾਹੀਦਾ ਹੈ ਅਤੇ ਉਸ ਦੇ ਦੁਆਰਾ ....ਦੇਵ ਪ੍ਰਭਾਵਾਂ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ, ਜੋ ਤੁਹਾਡੇ ਆਤਮਾ ਦੀ ਜਾਨ ਅਤੇ ਪ੍ਰਾਣ ਦੀ ਵਸਤੂ ਹਨ, ਅਤੇ ਜਿਨ੍ਹਾਂ ਨੂੰ ਲਗਾਤਾਰ ਪ੍ਰਾਪਤ ਕਰਦੇ ਰਹਿ ਕੇ ਹੀ ਤੁਸੀਂ ਆਪਣੇ ਆਤਮਾ ਦੀ ਸਤਿ ਮੋਕਸ਼ ਅਤੇ ਉਸ ਦਾ ਸਤਿ ਵਿਕਾਸ ਲਾਭ ਕਰ ਸਕਦੇ ਹੋ।"

"ਸਿਮਲਤ ਸਭਾਂਵਾਂ ਦੇ ਭਿੰਨ, ਸਭ ਤੋਂ ਵੱਧ ਆਪਣਾ ਨਿੱਜ ਦਾ ਸਾਧਨ ਕਾਫ਼ੀ ਮਾਤਰਾ ਵਿੱਚ ਅਤੇ ਕਾਫੀ ਦੇਰ ਤਕ ਕਰਨ ਦੀ ਬੇ-ਹੱਦ ਲੋੜ ਹੈ ਅਤੇ ਏਸ ਸਾਧਨ ਵਿੱਚ ਹਰ ਰੋਜ਼ ਆਪਣੀ ਕੋਈ ਹੀਨਤਾ ਅਤੇ ਨੀਚਤਾ ਦੇਖ ਕੇ ਘ੍ਰਿਨਾ ਅਤੇ ਦੁੱਖ ਵਧਾਉਣ ਦੀ ਬੇ-ਹੱਦ ਲੋੜ ਹੈ।"

"ਜਿਵੇਂ ਸਰੀਰ ਦੀ ਖੁਰਾਕ ਦੇ ਬਿਨਾ ਸਾਡਾ ਸਰੀਰ ਨਹੀਂ ਰਹਿ ਸਕਦਾ ਉਸੇ ਤਰ੍ਹਾਂ ਆਤਮਾ ਦੀ ਖੁਰਾਕ ਨੂੰ ਪਾਉਣ ਦੇ ਨਮਿੱਤ ਆਪਣੇ ਨਿੱਜ ਦੇ ਸਾਧਨ ਨੂੰ ਠੀਕ ਤਰ੍ਹਾਂ ਨਾਲ ਕਰਨਾ ਸਰੀਰ ਦੀ ਖੁਰਾਕ ਨਾਲੋਂ ਵੀ ਵੱਧ ਕੇ ਜਰੂਰੀ ਹੈ।"

"ਜੀਵਨ ਸਾਧਨ ਅਤੇ ਸੰਗਰਾਮ ਦੀ ਵਸਤੂ ਹੈ, ਇਸ ਵਿੱਚ ਨਿਰਾਸ਼ ਹੋਣ ਦੀ ਕੋਈ ਗੱਲ ਨਹੀਂ ਹੈ। ਲਗਾਤਾਰ ਸੱਚਾ ਸਾਧਨ ਕਰਨ ਨਾਲ ਹੀ ਆਤਮਾ ਦੇ ਅੰਦਰ ਤੋਂ ਕੋਈ ਨੀਚ ਸ਼ਕਤੀ ਨਸ਼ਟ ਹੋਣੀ ਚਾਹੀਦੀ ਹੈ ਅਤੇ ਕੋਈ ਉੱਚ ਸ਼ਕਤੀ ਪੈਦਾ ਹੋਣੀ ਚਾਹੀਦੀ ਹੈ।"

"ਮੈਂ ਚਾਹੁੰਦਾ ਹਾਂ ਕਿ ਤੁਹਾਡੇ ਨਿੱਜ ਦੇ ਸਾਧਨ ਚੱਲਣ। ਤੁਸੀਂ ਉਸ ਵਿੱਚ ਹਰ ਰੋਜ ਦੋ ਤਿੰਨ ਘੰਟੇ ਲਗਾ ਸਕੋ। ਸ਼੍ਰੀਮਾਨ ਦੇਵਤ ਸਿੰਘ ਜੀ ਕਈ ਕਈ ਘੰਟੇ ਸਾਧਨ ਕਰਿਆ ਕਰਦੇ ਸੀ। ਉਨ੍ਹਾਂ ਨੂੰ ਪਾਠ ਚੰਗਾ ਲਗਦਾ ਸੀ। ਤੁਹਾਨੂੰ ਉਹ ਚੰਗਾ ਨਹੀਂ ਲਗਦਾ। ਤੁਸੀਂ ਹਨ੍ਹੇਰੇ ਵਿਚ ਰਹਿਣਾ ਚਾਹੁੰਦੇ ਹੋ। ਤੁਹਾਨੂੰ ਸਾਧਨ-ਸ਼ੀਲ ਬਨਣਾ ਚਾਹੀਦਾ ਹੈ। ਤੁਸੀਂ ਜਦ ਤਕ ਸਾਧਨ-ਸ਼ੀਲ ਨਹੀਂ ਬਣੋਂਗੇ, ਤੱਦ ਤਕ ਤੁਸੀਂ ਸਾਡੇ ਕੰਮ ਦੇ ਨਹੀਂ ਹੋ।"

"ਤੁਸੀਂ ਜੇਕਰ ਇਹ ਸੋਚਣ ਲਗੋ ਕਿ ਕੁੱਝ ਬਣਦਾ ਬਣਾਂਦਾ ਤਾਂ ਹੈ ਨਹੀਂ; ਫੇਰ ਸਾਧਨ ਕਰਕੇ ਵੀ ਕੀ ਲੈਣਾ ਹੈ ਤਾਂ ਇਹ ਤੁਹਾਡੀ ਬਹੁਤ ਵੱਡੀ ਭੁੱਲ ਹੈ। ਕੋਈ ਬੱਚਾ ਜੇਕਰ ਹਰ ਰੋਜ ਦੁੱਧ ਪੀਂਦਾ ਰਹੇ ਅਤੇ ਜਰੂਰੀ ਖੁਰਾਕ ਖਾਂਦਾ ਰਹੇ ਤਦ ਉਹ ਇਕ ਦਿਨ ਜਰੂਰ ਜਵਾਨ ਹੋ ਜਾਵੇਗਾ, ਨਹੀਂ ਤਾਂ ਮਰ ਜਾਏਗਾ। ਇਸ ਤਰ੍ਹਾਂ ਨਾਲ ਜੇ ਤੁਸੀਂ ਹਰ ਰੋਜ ਸੱਚਾ ਸਾਧਨ ਕਰਦੇ ਰਹੋਗੇ ਤੱਦ ਹੌਲੀ-ਹੌਲੀ ਧਰਮ ਦੀ ਦੁਨੀਆਂ ਵਿੱਚ ਜਵਾਨ ਹੋ ਜਾਵੋਗੇ ਨਹੀਂ ਤਾਂ ਜੋ ਜਨ ਇਸ ਦੇ ਵਿਰੁੱਧ ਚਲਦਾ ਹੈ, ਅਰਥਾਤ ਜਿਸ ਜਨ ਦਾ ਸਬੰਧ ਸਾਡੇ ਨਾਲੋਂ ਕੱਟ ਜਾਂਦਾ ਹੈ, ਅਤੇ ਉਹ ਨਿੱਜ ਦੇ ਸਾਧਨ ਦੇ ਰਾਹੀਂ ਆਤਮਿਕ ਆਹਾਰ (ਖੁਰਾਕ) ਪ੍ਰਾਪਤ ਨਹੀਂ ਕਰ ਸਕਦਾ, ਉਹ ਆਤਮਿਕ ਜੀਵਨ ਦੇ ਵਿਚਾਰ ਨਾਲ ਮਰ ਜਾਂਦਾ ਹੈ। ਇਸ ਲ ਈ ਤੁਸੀਂ ਅਸਾਡੇ ਸਬੰਧ ਨੂੰ ਆਪਣੇ ਲਈ ਜਾਨ ਅਤੇ ਪ੍ਰਾਣ ਦੀ ਵਸਤੂ ਮਹਿਸੂਸ ਕਰੋ ਅਤੇ ਦਿਨੋਂ ਦਿਨ ਸੱਚੇ ਸਾਧਨਾਂ ਰਾਹੀਂ ਉਸ ਨੂੰ ਗਹਿਰਾ ਕਰੋ। ਇਸ ਸਬੰਧ ਨੂੰ ਰੱਖ ਕੇ ਧਰਮ ਜੀਵਨ ਪ੍ਰਾਪਤ ਹੋ ਸਕੇ ਗਾ ਨਹੀਂ ਤਾਂ ਆਤਮਾ ਨਸ਼ਟ ਹੋ ਜਾਵੇਗੀ। ਹੁਣ ਤੱਕ ਕਿੰਨੇ ਹੀ ਜਨ ਨਸ਼ਟ ਹੋ ਚੁੱਕੇ ਹਨ।"

"ਜੇਕਰ.... ਗੰਗਾ ਵਿੱਚ ਡੁਬਕੀ ਲਾਉਣ ਦੇ ਨਾਲ ਪਾਪ ਚਲੇ ਜਾਂਦੇ ਜਾਂ ਕੋਈ ਹਾਨੀਕਾਰਕ ਸ਼ਕਤੀ ਨਸ਼ਟ ਹੋ ਜਾਂਦੀ ਤਦ ਅਸੀਂ ਬੜੀ ਖੁਸ਼ੀ ਨਾਲ ਤੁਹਾਨੂੰ ਆਪਣੇ ਕਿਰਾਏ ਤੇ ਗੰਗਾ ਭੇਜ ਦਿੰਦੇ ਅਤੇ ਕਹਿੰਦੇ ਇਕ ਵੇਰ ਛੱਡ ਕੇ ਤਿੰਨ ਵਾਰ ਡੁਬਕੀ ਲਾ ਲਉ। ਐਪਰ ਸ਼ੋਕ ! ਉੱਥੇ ਡੁਬਕੀ ਲਾਉਣ ਨਾਲ ਨਾ ਤਾਂ ਕੋਈ ਨੀਚ ਸ਼ਕਤੀ ਨਸ਼ਟ ਹੁੰਦੀ ਹੈ, ਅਤੇ ਨਾ ਹੀ ਕੋਈ ਉੱਚ

ਸ਼ਕਤੀ ਪੈਦਾ ਹੁੰਦੀ ਹੈ ਇਸ ਮੰਤਵ ਦੀ ਸਿੱਧੀ ਦੇ ਲਈ ਆਪਣੇ ਨਿੱਜ ਦੇ ਸੱਚੇ ਧਰਮ ਸਾਧਨਾਂ ਦੀ ਲੋੜ ਹੈ ਅਤੇ ਉਸ ਸਾਰੇ ਕੋਰਸ ਵਿੱਚ ਗੁਜ਼ਰਨ ਦੀ ਲੋੜ ਹੈ ਕਿ ਜਿਸ ਦੀ ਅਸੀਂ ਸਿੱਖਿਆ ਦਿੰਦੇ ਹਾਂ।"

"ਨਿੱਜ ਦੇ ਸਾਧਨ ਦੇ ਬਿਨਾ ਬਲ ਨਹੀਂ ਆਏ ਗਾ। ਬੇਸ਼ਕ ਥੋੜੇ ਤੋਂ ਸ਼ੁਰੂ ਕਰੋ, ਅੱਧ ਘੰਟੇ ਨਾਲ ਸ਼ੁਰੂ ਕਰੋ, ਐਪਰ ਕਰੋ ਜਰੂਰ। ਸਾਧਨ ਖੁਰਾਕ ਖਾਣੇ ਦਾ ਕੰਮ ਹੈ।"

ਉਪਰੋਕਤ ਬਾਣੀ ਨਿੱਜ ਦੇ ਸਾਧਨ ਦੀ ਮਹਤੱਤਾ ਨੂੰ ਪੂਰੇ ਜੋਰ ਨਾਲ ਦਰਸਾਉਂਦੀ ਹੈ ਅਤੇ ਇਸ ਬਿਨਾਂ, ਖੁਰਾਕ ਵਾਂਗ ਕਿਸੇ ਪ੍ਰਕਾਰ ਸਰ ਨਹੀਂ ਸਕਦਾ, ਇਸ ਸਚਾਈ ਤੇ ਪ੍ਰਕਾਸ਼ ਪਾਉਂਦੀ ਹੈ। ਸੋ ਸਾਨੂੰ ਮਨੁੱਖ ਹੋ ਕੇ, ਗਾਫ਼ਲ ਤੇ ਸੁੱਤੇ ਤੇ ਬੇ ਮੁੱਖ ਨਹੀਂ ਰਹਿਣਾ ਚਾਹੀਦਾ, ਸਾਨੂੰ ਇਕ ਦਮ ਸਾਧਨ-ਸ਼ੀਲ ਹੋਣ ਦਾ ਤੇ ਬਨਣ ਦਾ ਡੂੰਘਾ ਫਿਕਰ ਹੋਣਾ ਚਾਹੀਦਾ ਹੈ। ਜਿਵੇਂ ਹਵਾ ਪਾਣੀ ਤੇ ਖੁਰਾਕ ਬਿਨਾਂ ਜੀਵਿਆ ਨਹੀਂ ਜਾ ਸਕਦਾ, ਓਸੇ ਤਰ੍ਹਾਂ ਸੱਚੇ ਨਿੱਜ ਦੇ ਸਾਧਨ ਦੇ ਬਗੈਰ, ਰੂਹਾਨੀ ਤੌਰ ਤੇ ਕੋਈ ਵੀ ਜਿੰਦਾ ਨਹੀ ਰਹਿ ਸਕਦਾ।

ਹੁਣ ਸਵਾਲ ਪੈਦਾ ਹੁੰਦਾ ਹੈ, ਕਿ ਅਸੀਂ ਸਾਧਨ ਕਿਵੇਂ ਕਰੀਏ?

ਇਸ ਲਈ ਮੋਟੇ ਤੌਰ ਤੇ ਇਸ ਦਾ ਤਰੀਕਾ ਦੱਸਣ ਦੀ ਕੋਸ਼ਿਸ਼ ਕਰਦੇ ਹਾਂ। ਹਰ ਸੂਝਵਾਨ ਸੇਵਕ ਪਾਸ ਗੁਰੂ ਮਹਾਰਾਜ ਦੀ ਸੁੰਦਰ ਫੋਟੋ ਹੋਣੀ ਚਾਹੀਦੀ ਹੈ, ਅਤੇ ਉਸ ਨੂੰ ਸੁੰਦਰ ਰੁਮਾਲਿਆਂ ਨਾਲ ਵਲੇਟ ਕੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਰੱਖਣਾ ਚਾਹੀਦਾ ਹੈ।

ਗੁਰੂ ਮਹਾਰਾਜ ਦੀ ਫੋਟੋ, ਆਪਣੇ ਸ੍ਹਾਮਣੇ ਉਚਿੱਤ ਸਥਾਨ ਤੇ ਸਜਾ ਕੇ ਰੱਖ ਕੇ, ਹੋ ਸਕੇ ਤਾਂ ਉਸ ਅੱਗੇ ਤਾਜੇ ਸੁੰਦਰ ਫੁੱਲ ਵੀ ਰੱਖਣੇ ਚਾਹੀਦੇ ਹਨ।

ਫੇਰ ਸਭ ਤੋਂ ਪਹਿਲਾਂ ਗੁਰੂ ਮਹਾਰਾਜ ਦੇ ਅਤੀ ਮਹਾਨ, ਉੱਚ ਤੇ ਦੇਵ-ਰੂਪ ਨੂੰ ਧਿਆ ਕੇ ਫੋਟੋ ਦੁਆਰਾ ਉਨ੍ਹਾਂ ਨੂੰ ਬਾਰ-ਬਾਰ ਪ੍ਰਣਾਮ ਕਰਨਾ ਚਾਹੀਦਾ ਹੈ।

ਫੇਰ ਕੋਈ ਸ਼ਰਧਾ ਮੂਲਕ ਇਕ ਜਾਂ ਵੱਧ ਸ਼ਰਧਾ ਨਾਲ ਭਰ ਕੇ ਭਜਨ ਗਾਉਣੇ ਚਾਹੀਦੇ ਹਨ। ਭਜਨਾਂ ਦੀਆਂ ਪੰਗਤੀਆਂ ਦੀ ਸਚਾਈ ਨੂੰ ਸਮਝ ਕੇ ਨਾਲ-ਨਾਲ ਫੋਟੋ ਨੂੰ ਪ੍ਰਣਾਮ ਕਰਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਅਦ ਅਦੁਤੀ ਦੇਵ-ਸਤੋਤਰ ਦਾ, ਚਿੱਤ ਲਾ ਕੇ, ਬਾਰ-ਬਾਰ ਦੁਹਰਾ ਕੇ ਹਿਰਦੇ ਦੇ ਸ਼ਰਧਾ ਭਾਵ ਨਾਲ ਭਰ ਕੇ, ਗਾਣ ਕਰਨਾ ਚਾਹੀਦਾ ਹੈ। ਇਸ ਵਿੱਚ ਅੰਕਿਤ ਅਦੁਤੀ ਸਚਾਈਆਂ ਦਾ ਅਹਿਸਾਸ ਪਾਉਣਾ ਚਾਹੀਦਾ ਹੈ। ਇਨ੍ਹਾਂ ਨੂੰ ਸਮਝਣ ਦੀ ਬਹੁਤ ਲੋੜ ਹੈ।

ਦੇਵ-ਸਤੋਤਰ ਦੇ ਗਾਉਣ ਦੇ ਬਾਅਦ ਇਸ ਦੀ ਵਿਆਖਿਆ ਕਰਨੀ ਚਾਹੀਦੀ ਹੈ। ਫੇਰ ਗੁਰੂ ਮਹਾਰਾਜ ਦੇ ਪ੍ਰਭਾਵਾਂ ਦੀ ਪ੍ਰਾਪਤੀ ਲਈ ਹਿਰਦੇ ਗਤ ਭਾਵਾਂ ਨਾਲ ਜੋਰਦਾਰ ਪ੍ਰਾਰਥਨਾ ਕਰਨੀ ਚਾਹੀਦੀ ਹੈ। ਪ੍ਰਾਰਥਨਾ ਲਈ ਵਿਸ਼ੇਸ਼ ਭਜਨ ਗਾਉਣਾ ਚਾਹੀਦਾ ਹੈ।

ਪ੍ਰਾਰਥਨਾ ਨਾਲ ਜੋ ਕੁਝ ਆਪਣੀ ਨੀਚਤਾ, ਖਰਾਬੀ ਜਾਂ ਬੁਰਾਈ ਜੇ ਕਰ ਨਜ਼ਰ ਆਵੇ ਉਸ ਨੂੰ ਲਿਖ ਲੈਣਾ ਚਾਹੀਦਾ ਹੈ।

ਇਸਦੇ ਪਿੱਛੋਂ ਗੁਰੂ ਮਹਾਰਾਜ ਦੀ ਪੁਸਤਕ ਜਾਂ ਕੋਈ ਉੱਚ ਲੇਖ ਪੜ੍ਹਣਾ ਚਾਹੀਦਾ ਹੈ। ਹਿਰਦੇ ਦੀ ਦੀਨਤਾ ਨਾਲ ਭਰ ਕੇ ਬਹੁਤ ਹੀ ਧਿਆਨ ਤੇ ਪ੍ਰਾਰਥਨਾ-ਸ਼ੀਲਤਾ ਨਾਲ ਪਾਠ ਕਰਨਾ ਚਾਹੀਦਾ ਹੈ। ਇਸ ਨਾਲ ਜੇ ਕੋਈ ਰੋਸ਼ਨੀ ਮਿਲੇ, ਆਪਣੀ ਕਮੀ ਖਰਾਬੀ ਨਜ਼ਰ ਆਵੇ, ਉਸ ਤੋਂ ਬਚੇ ਰਹਿਣ ਦੀ ਪ੍ਰੇਰਨਾ ਪੈਦਾ ਹੋਵੇ ਉਸ ਨੂੰ ਵੀ ਲਿਖ ਲੈਣਾ ਚਾਹੀਦਾ ਹੈ, ਤੇ ਕਦੀ ਕਦੀ ਇਸ ਲਿਖਤ ਨੂੰ ਪੜ੍ਹਦੇ ਰਹਿਣਾ ਚਾਹੀਦਾ ਹੈ। ਅਖੀਰ ਤੇ ਹੋ ਸਕੇ ਤਾਂ ਆਰਤੀ ਦਾ ਗਾਣ ਕਰਕੇ, ਗੁਰੂ ਮਹਾਰਾਜ ਨੂੰ ਧੰਨਵਾਦ ਦਿੰਦੇ ਹੋਏ, ਫੋਟੋ ਰਾਹੀਂ

ਬਾਰ-ਬਾਰ ਪ੍ਰਣਾਮ ਕਰਨਾ ਚਾਹੀਦਾ ਹੈ।

ਇਸ ਪ੍ਰਕਾਰ ਸਾਧਨ ਕਰਦੇ ਕਰਦੇ, ਕਦੀ ਕਦੀ ਰੋਸ਼ਨੀ ਮਿਲਦੀ ਹੈ, ਕਦੀ ਆਪਣੀ ਨੀਚਤਾ ਘ੍ਰਿਣਤ ਬੋਧ ਹੋਣ ਲੱਗਦੀ ਹੈ, ਦੁਖ ਹੁੰਦਾ ਹੈ, ਕਦੀ ਕਿਸੇ ਦੇ ਉਪਕਾਰ ਮਹਿਸੂਸ ਹੋਣ ਲਗਦੇ ਹਨ, ਕਦੀ ਗੁਣ ਚਮਕਣ ਲੱਗ ਜਾਂਦੇ ਹਨ, ਜੋ ਕੁਝ ਨਜ਼ਰ ਆਵੇ, ਜੋ ਪ੍ਰੇਰਨਾਂ ਜਦੋਂ ਪੈਦਾ ਹੋਵੇ, ਉਸ ਨੂੰ ਲਿਖ ਲੈਣਾ ਚਾਹੀਦਾ ਹੈ, ਤੇ ਪੂਰਾ ਕਰਨਾ ਚਾਹੀਦਾ ਹੈ।

ਬਾਰ ਬਾਰ ਲਗਾਤਾਰ, ਸਾਧਨ ਕਰਦਿਆਂ ਨੂੰ ਕਦੀ ਕਦੀ ਰੋਸ਼ਨੀ ਮਿਲਣ ਲਗਦੀ ਹੈ, ਅਤੇ ਸਾਧਨ-ਜਾਂਚ ਆਉਂਦੀ ਜਾਂਦੀ ਹੈ। ਆਪਣਾ ਇੱਕ ਜਾਂ ਦੂਜਾ ਹਿੱਤ ਹੁੰਦਾ ਵੀ ਮਹਿਸੂਸ ਹੋਣ ਲਗ ਪੈਂਦਾ ਹੈ।

ਸਾਧਨ ਕਰਦਿਆਂ ਕਰਦਿਆਂ ਆਪਣੀ ਨੀਚਤਾ ਸਥਾਈ ਰੂਪ ਵਿੱਚ ਜੇ ਦਿੱਸਣ ਲੱਗੇ ਤਾਂ ਉਸ ਨੂੰ ਲਿਖਦੇ ਰਹਿਣ ਦੀ, ਹਰ ਰੋਜ਼ ਲੋੜ ਹੈ। ਹਰ ਰੋਜ਼ ਆਪਣਾ ਨੀਚ-ਜੀਵਨ ਸ੍ਹਾਮਣੇ ਲਿਆ ਕੇ ਲਿਖਣ ਨਾਲ ਬੇਹੱਦ ਭਲਾ ਹੋਣ ਲਗਦਾ ਹੈ। ਜੇ ਇਸ ਸਾਧਨ ਨਾਲ ਸਾਡਾ ਹੰਕਾਰ ਘੱਟਣ ਲੱਗ ਜਾਵੇ ਤਾਂ ਗੁਰੂ ਦੀ ਰੋਸ਼ਨੀ ਵਧੇਰੇ ਗਹਿਰੀ ਮਿਲਣ ਲਗਦੀ ਹੈ। ਗੁਰੂ ਦੇ ਰੂਪ ਦੀ ਸੱਚੀ ਮਹਾਨ ਝਲਕ ਅਤੇ ਆਪਣਾ ਆਪ ਮਹਾ ਨੀਚ ਦਿਖਾਈ ਦਿੰਦਾ ਹੈ ਅਤੇ ਉਸ ਨੀਚਤਾ ਚੋਂ ਨਿਕਲਣ ਲਈ ਪ੍ਰੇਰਨਾ ਤੇ ਬਲ ਮਿਲਦਾ ਹੈ। ਹਿਰਦੇ ਉੱਚ ਰਸ ਨਾਲ ਭਰਦਾ ਹੈ।

ਅਜਿਹਾ ਨਿੱਜ ਦਾ ਸੱਚਾ ਸਾਧਨ ਸਾਨੂੰ ਗੁਰੂ ਮਹਾਰਾਜ ਨਾਲ ਸਥਾਈ ਸਬੰਧ ਬਣਾਉਣ ਦੇ ਯੋਗ ਕਰ ਸਕਦਾ ਹੈ। ਜਿਸ ਨਾਲ ਉਨ੍ਹਾਂ ਦਾ ਦਾਨ ਰੋਜ਼ ਜਾਂ ਬਹੁਤੀ ਵੇਰ ਮਿਲਦਾ ਹੈ। ਸਾਡੇ ਨੀਚ ਜੀਵਨ ਦਾ ਨਾਸ਼ ਹੋਣ ਲਗਦਾ ਹੈ ਤੇ ਉੱਚ ਜੀਵਨ ਯੋਗਤਾ ਅਨੁਸਾਰ ਪਨਪਦਾ ਹੈ।

ਨਿੱਜ ਸਾਧਨ ਹੀ ਜੀਵਨ ਦੀ ਸਫਲਤਾ ਦੀ ਇਕ ਮਾਤਰ ਕੁੰਜੀ ਹੈ।

(**ਇਕ ਸੇਵਕ**)

ਮਹੋਤਸਵ ਮੁਬਾਰਕ ਆ ਰਿਹਾ ਹੈ।

ਆਪ ਇਹ ਜਾਣਕੇ ਖੁਸ਼ੀ ਮਹਿਸੂਸ ਕਰੋਗੇ ਕਿ ਇਸ ਬਾਰ ਪਰਮ ਪੁਜਨੀਯ ਭਗਵਾਨ ਦੇਵਆਤਮਾ ਦਾ 155ਵਾਂ ਸ਼ੁਭ ਜਨਮ ਮਹੋਤਸਵ 14 ਦਿਸੰਬਰ 2005 ਦਿਨ ਬੁਧਵਾਰ ਤੋਂ 17 ਦਿਸਬੰਰ ਦਿਨ ਸ਼ਨਿਵਾਰ ਤਕ ਪੂਰੇ ਚਾਵ-ਭਾਵ ਦੇ ਨਾਲ ਹਰ ਸਾਲ ਦੀ ਤਰ੍ਹਾਂ ਮਨਾਇਆ ਜਾਵੇਗਾ। ਸਾਰੇ ਸਾਥੀ, ਸੇਵਕ ਹੁਣ ਤੋਂ ਹੀ ਉਪਰ ਦਿੱਤੇ ਗਏ ਦਿਨਾਂ ਨੂੰ ਧਿਆਨ ਵਿੱਚ ਰੱਖਣ ਦੀ ਕਿਰਪਾਲਤਾ ਕਰਨ ਅਤੇ ਏਹਨਾਂ ਦਿਨਾਂ ਨੂੰ ਸੁਰਖਿਅਤ ਰੱਖਣ। ਯਾਦ ਰਹੇ ਕਿ ਇਸ ਸਾਲ ਉਤਸਵ ਮੁਬਾਰਕ ਦੇ ਸਾਰੇ ਦਿਨ Working Days ਹਨ।

- ਮੰਤਰੀ

ਮੇਰੇ ਉਪਕਾਰੀ-14

ਸ : ਬਚਿੱਤਰ ਸਿੰਘ ਜੀ ਤਹਿਸੀਲਦਾਰ

ਸ : ਬਚਿੱਤਰ ਸਿੰਘ ਜੀ ਸਿੱਧੂ ਤਹਿਸੀਲਦਾਰ ਬੜੀ ਨੇਕ ਸ਼ਖਸੀਅਤ ਸਨ। ਉਨ੍ਹਾਂ ਦੀ ਮਾਤਾ ਜੀ ਆਪਣੀ ਆਖ਼ਰੀ ਉਮਰ ਵਿੱਚ, ਮੋਗੇ ਸਤਿਸੰਗ ਲਈ ਕਾਫੀ ਕਾਫੀ ਦੇਰ ਨਾਰੀ ਆਸ਼ਰਮ ਵਿੱਚ ਠਹਿਰਦੀਆਂ ਸਨ। ਉਨ੍ਹਾਂ ਨੂੰ ਮਿਲਣ ਲਈ ਸਰਦਾਰ ਸਾਹਿਬ ਆਇਆ ਕਰਦੇ ਸਨ। ਉਹ ਸ਼੍ਰੀਮਾਨ ਝੰਡਾ ਸਿੰਘ ਜੀ ਅਲਮ ਸਾਹਿਬ ਦੇ ਵੱਡੇ ਦਾਮਾਦ ਵੀ ਸਨ, ਉਹ ਉਨ੍ਹਾਂ ਦੀ ਵੱਡੀ ਸਪੁੱਤਰੀ ਸ਼੍ਰੀਮਤੀ ਪ੍ਰੀਤਮ ਕੌਰ ਜੀ ਨਾਲ ਵਿਵਾਹਿਤ ਸਨ।

ਮੇਰਾ ਸੰਪਰਕ ਉਨ੍ਹਾਂ ਨਾਲ ਵਧੇਰੇ 1966 ਅਪ੍ਰੈਲ ਵਿੱਚ ਮੇਰੇ ਚੰਡੀਗੜ੍ਹ ਸ਼ਿਫਟ ਹੋਣ ਤੇ ਆਰੰਭ ਹੋਇਆ, ਜੋ ਉਨ੍ਹਾਂ ਦੇ ਆਖ਼ਰੀ ਦਮ ਤਕ ਕਾਇਮ ਰਿਹਾ। ਉਹ ਸ: ਸਾਵਣ ਸਿੰਘ ਜੀ ਦੇ ਬੜੇ ਉਪਕ੍ਰਿਤ ਸਨ। ਸਵਰਗੀ ਸ਼੍ਰੀਮਾਨ ਈਸ਼ਵਰ ਸਿੰਘ ਜੀ ਦੇ ਸ਼ਾਗਿਰਦ ਸਨ। ਉਨ੍ਹਾਂ ਪਾਸ ਹੀ ਉਨ੍ਹਾਂ ਹਾਕੀ ਖੇਲਣਾ ਸਿੱਖਿਆ ਸੀ। ਉਹ ਮੋਗੇ ਦੇ ਕਾਲਜ ਵਿੱਚ ਪੜ੍ਹਦੇ ਸਮੇਂ ਵੀ ਮੋਗੇ ਹੀ ਦੇਵ ਸਮਾਜ ਦੇ ਹੋਸਟਲ ਵਿਚ ਰਹਿੰਦੇ ਸਨ। ਇਸ ਲਈ ਸਮਾਜ ਲਈ, ਗੁਰੂ ਮਹਾਰਾਜ ਲਈ, ਸ਼੍ਰੀਮਾਨ ਈਸ਼ਵਰ ਸਿੰਘ ਜੀ ਲਈ ਬਹੁਤ ਸ਼ਰਧਾ ਰਖਦੇ ਸਨ। ਏਸੇ ਲਈ ਉਨ੍ਹਾਂ ਦੇ ਮਨ ਵਿੱਚ ਮੇਰੇ ਲਈ ਸਮਾਜ ਦਾ ਕਰਮਚਾਰੀ ਹੋਣ ਦੇ ਨਾਤੇ, ਖਾਸ ਸਨਮਾਨ ਤੇ ਕਦਰ ਸੀ। ਉਨ੍ਹਾਂ ਕਈ ਸਾਲ ਮੈਨੂੰ ਬਹੁਤ ਨਿਕਟ ਤੋਂ ਵੇਖਿਆ ਸੀ, ਇਸ ਲਈ ਉਨ੍ਹਾਂ ਦਾ ਸਬੰਧ ਵਧਦਾ ਵਧਦਾ ਬਹੁਤ ਹੀ ਨੇੜੇ ਦਾ ਬਣ ਗਿਆ ਸੀ। ਫੇਰ ਤਾਂ ਅਜਿਹੀ ਉਨ੍ਹਾਂ ਦੇ ਘਰ ਦੀ ਕੋਈ ਗਲ ਨਹੀਂ ਸੀ ਜੋ ਉਹ ਮੇਰੇ ਨਾਲ ਨਹੀਂ ਕਰਦੇ ਸਨ, ਅਤੇ ਮੈਂ ਵੀ ਜਾਂ ਸੁਰਜੀਤ ਜੀ ਵੀ ਉਨ੍ਹਾਂ ਨਾਲ ਜਾਂ ਭੈਣ ਜੀ ਪ੍ਰੀਤਮ ਕੌਰ ਜੀ ਨਾਲ, ਆਪਣੀ ਸਭ ਗੱਲ ਸਾਂਝੀ ਕਰ ਲੈਂਦੇ ਸਾਂ।

ਉਨ੍ਹਾਂ ਦਿਨਾਂ ਵਿੱਚ ਉਹ ਸੈਕਟਰ 21-ਸੀ ਵਿੱਚ ਦੋ ਕਨਾਲ ਦੀ ਕੋਠੀ ਵਿੱਚ ਸ: ਗੁਰਭਗਤ ਸਿੰਘ ਜੀ ਗਿੱਲ, ਡੀ. ਆਈ. ਜੀ. ਸਾਹਿਬ ਪੰਜਾਬ ਪੁਲਿਸ ਨਾਲ ਰਹਿੰਦੇ ਹੁੰਦੇ ਸਨ। ਆਪ ਕੋਠੀ ਦੀ ਉਪਰ ਦੀ ਮੰਜ਼ਿਲ ਤੇ ਰਹਿੰਦੇ ਸਨ। ਉਦੋਂ ਉਨ੍ਹਾਂ ਦੀ ਛੋਟੀ ਬੱਚੀ ਬੀਬੀ ਹਿੰਦਰਾ ਜੀ ਕਾਲਜ ਵਿੱਚ ਪੜ੍ਹਦੀਆਂ ਸਨ। ਸ਼ੁਰੂ ਵਿੱਚ ਮੈਨੂੰ ਉਸ ਬੱਚੀ ਨੂੰ ਕੁਝ ਦਿਨ ਪੜ੍ਹਾਉਣ ਦਾ ਅਵਸਰ ਮਿਲਿਆ ਸੀ। ਉਦੋਂ ਮੇਰਾ ਘਰ ਵਿੱਚ ਆਉਣਾ ਜਾਣਾ ਹੋਣ ਲੱਗਾ। ਸਾਡਾ ਸਬੰਧ ਗਹਿਰਾ ਹੁੰਦਾ ਗਿਆ। ਬਸ ਸਰਦਾਰ ਸਾਹਿਬ ਨੇ ਮੈਨੂੰ ਵੀ ਆਪਣੇ ਛੋਟੇ ਭਾਈ ਵਾਂਗ ਅਪਨਾ ਲਿਆ ਅਤੇ ਸਦਾ ਲਈ ਉਹ ਦੋਵੇਂ ਜੀ ਸਾਡਾ ਖਿਆਲ ਰੱਖਣ ਲੱਗ ਪਏ। ਉਨ੍ਹਾਂ ਦੇਖਿਆ ਕਿ ਸਾਡੇ ਕੋਲ ਕੋਈ ਫਰਿੱਜ ਆਦਿ ਨਹੀਂ ਹੈ, ਉਨ੍ਹਾਂ ਸੋਚਿਆ ਕਿ ਮੇਰੇ ਪਾਸ ਇਕ ਫਾਲਤੂ ਪਹਿਲਾਂ ਦਾ ਆਈਸ ਬਾਕਸ ਪਿਆ ਹੈ, ਉਹ ਇਨ੍ਹਾਂ ਨੂੰ ਕੰਮ ਦੇ ਸਕਦਾ ਹੈ, ਉਨ੍ਹਾਂ ਛੇਤੀ ਹੀ ਉਹ ਆਈਸ ਬਾੱਕਸ ਸਾਨੂੰ ਲਿਆ ਦਿੱਤਾ, ਜਿਸ ਨਾਲ ਸਾਨੂੰ ਠੰਡੇ ਪਾਣੀ ਦੀ ਮੌਜ ਲੱਗ ਗਈ। ਉਹ ਅਕਸਰ ਸਭਾਂਵਾਂ ਵਿੱਚ ਵੀ ਆਉਣ ਲੱਗ ਪਏ। ਸਾਡੀਆਂ ਨਿਜੀ ਲੋੜਾਂ ਦਾ ਉਨ੍ਹਾਂ ਨੂੰ ਸਦਾ ਹੀ ਖਿਆਲ ਰਹਿਣ ਲੱਗ ਪਿਆ, ਇਹ ਉਨ੍ਹਾਂ ਦੀ ਖਾਸ ਹੀ ਸੁਹਿਰਦਤਾ ਸੀ।

ਫੇਰ ਮੈਂ ਚਾਹੁੰਦਾ ਸੀ ਕਿ ਮੇਰੀ ਆਮਦਨੀ ਦਾ ਸਾਧਨ ਵੀ ਚੰਡੀਗੜ੍ਹ ਹੀ ਬਣ ਜਾਵੇ, ਤਦ ਉਨ੍ਹਾਂ ਹੀ ਬੜੇ ਖਿਆਲ ਨਾਲ ਸ: ਸੇਵਾ ਸਿੰਘ ਜੀ ਦੀ ਰਾਏ ਅਨੁਸਾਰ, ਕੋਈ 12-13 ਕਿਲੋ ਮੀਟਰ ਦੇ ਫਾਸਲੇ ਤੇ ਇਕ ਜ਼ਮੀਨ ਦਾ ਚੰਗਾ ਟੁਕੜਾ ਲੈ ਦਿੱਤਾ। ਆਪ ਜੀ ਉਦੋਂ ਰਾਜਪੁਰੇ ਤਹਿਸੀਲਦਾਰ ਲੱਗੇ ਸਨ, ਆਪ ਨੇ ਹੀ ਉਸ ਜਮੀਨ ਦੀ ਮੇ ਰੇ ਨਾਂ ਰਜਿਸਟਰੀ ਤੇ ਇੰਤਕਾਲ ਆਦਿ ਕਰਾ ਦਿੱਤੇ। ਆਪ ਦੀ ਇਹ ਖਾਸ ਸਹਾਇਤਾ ਨਾ ਹੁੰਦੀ, ਤਾਂ ਮੈਂ ਉੱਥੇ ਕਿਸੇ ਨੂੰ ਅਜੇ ਜਾਣਦਾ ਨਹੀਂ ਸੀ, ਬਾਕੀ ਸਮਾਜ ਦਾ ਕਰਮਚਾਰੀ ਕੋਈ ਅਹੁਦੇਦਾਰ ਤਾਂ ਹੁੰਦਾ ਨਹੀਂ, ਕਿਸੇ ਦੇ ਕੰਮ ਆਉਣ

ਵਾਲੀ ਚੀਜ਼ ਨਹੀਂ ਹੁੰਦਾ, ਇਸ ਲਈ ਲੋਕ ਵੀ ਉਸ ਨੂੰ, ਇਕ ਸਾਧ ਫ਼ਕੀਰ ਜਿਹਾ ਸਮਝ ਕੇ ਉਸ ਤੋਂ ਪਰ੍ਹਾਂ ਪਰ੍ਹਾਂ ਰਹਿੰਦੇ ਹਨ। ਮੈਂ ਉਥੇ ਕਦੀ ਜਮੀਨ ਖਰੀਦ ਨਾ ਸਕਦਾ। ਸਰਦਾਰ ਸਾਹਿਬ ਨੂੰ ਕਿਸੇ ਬਿਗਾਨੇ ਦੇ ਕੰਮ ਆਉਂਦਾ ਵੇਖ ਕੇ ਮੇਰੇ ਉਤੇ ਉਨ੍ਹਾਂ ਦੇ ਹੋਰ ਵੀ ਬੜੇ ਚੰਗੇ ਅਸਰ ਪੈਂਦੇ ਸਨ। ਉਹ ਬਹੁਤ ਕੁਝ ਸਾਧੂ ਬਿਰਤੀ ਰਖਦੇ ਸਨ। ਉਨ੍ਹਾਂ ਦੇ ਪਿੰਡ ਜਲਾਲ ਦੇ ਮਸ਼ਹੂਰ ਸਾਧੂ, ਸ਼੍ਰੀ ਕਰਨੈਲ ਸਿੰਘ ਜੀ, ਜੋ ਬੜੇ ਨੇਕ ਤੇ ਪਰਉਪਕਾਰੀ ਜੀਵ ਸਨ, ਇ੍ਹਨਾਂ ਨੂੰ ਪਿਤਾ ਜੀ ਕਿਹਾ ਕਰਦੇ ਸਨ। ਇਨ੍ਹਾਂ ਪਾਸ ਉਹ ਮੁੱਡ ਜੁਆਨੀ ਤੋਂ ਹੀ ਆਇਆ ਕਰਦੇ ਸਨ, ਅਤੇ ਇਨ੍ਹਾਂ ਦੇ ਤਜਰਬੇ ਤੋਂ ਇਨ੍ਹਾਂ ਤੋਂ ਸਿੱਖਿਆ ਲੈ ਕੇ ਖੁਸ਼ ਰਹਿੰਦੇ ਸਨ। ਪਿੰਡ ਜਾਣ ਤੇ ਇਨ੍ਹਾਂ ਦਾ ਖਾਸ ਮਾਨ ਆਦਰ ਤੇ ਸੇਵਾ ਦਾ ਖਿਆਲ ਰਖਦੇ ਸਨ। ਉਹ ਆਪ ਵੀ ਬਹੁਤ ਨੇਕ ਬਿਰਤੀ ਰੱਖਦੇ ਸਨ। ਸ਼ਰਾਬ ਮਾਸ ਤੋਂ ਅਤੇ ਰਿਸ਼ਵਤ ਬੇਈਮਾਨੀ ਆਦਿ ਤੋਂ ਬਹੁਤ ਕੁਝ ਬਚੇ ਹੋਏ ਸਨ। ਧਾਰਮਿਕ ਵਿਚਾਰ, ਪੂਜਾ ਪਾਠ, ਯੋਗ ਆਸਨ, ਪ੍ਰਾਣਾਯਾਮ ਦੇ ਲਈ ਦਿਲ ਚਸਪੀ ਰਖਦੇ ਸਨ। ਉਹ ਆਪਣੀ ਪਤਨੀ ਭੈਣ ਜੀ ਪ੍ਰੀਤਮ ਕੌਰ ਦਾ ਬੜਾ ਸਤਿਕਾਰ ਕਰਦੇ ਸਨ। ਉਨ੍ਹਾਂ ਨੂੰ ਭਾਈ ਦੇ ਖਾਨਦਾਨਾਂ ਦੀ ਧੀ ਜਾਣ ਕੇ ਹੋਰ ਵੀ ਕਦਰ ਕਰਦੇ ਸਨ। ਉਹ ਦੱਸਿਆ ਕਰਦੇ ਸੀ ਕਿ ਇਨ੍ਹਾਂ ਮੈਨੂੰ ਹਮੇਸ਼ਾ ਰਿਸ਼ਵਤ ਦੀ ਲਤ ਤੋ ਬਚੇ ਰਹਿਣ ਲਈ ਪ੍ਰੇਰਨਾ ਦਿੱਤੀ ਹੈ। ਇਨ੍ਹਾਂ ਆਪਣੇ ਜੇਵਰ ਆਦਿ ਮੈਨੂੰ ਨਿੱਜੀ ਕਮਾਂ ਲਈ ਉਤਾਰ ਕੇ ਦੇ ਦਿੱਤੇ ਸਨ, ਆਦਿ।

ਉਨ੍ਹਾਂ ਆਪਣੇ ਲਈ ਜੀਰਕਪੁਰ ਚੌਂਕ ਵਿੱਚ ਕੁਝ ਦੁਕਾਨਾਂ ਦੀ ਥਾਂ ਖਰੀਦ ਲਈ, ਇਸ ਵਿੱਚ ਕੁਝ ਦੁਕਾਨਾਂ ਦਾ ਹੋਰ ਬਿਆਨਾ ਮੇਰੇ ਲਈ ਵੀ ਆਪਣੇ ਪੱਲਿਓਂ ਦੇ ਦਿੱਤਾ। ਮੇਰੇ ਪਾਸ ਕੋਈ ਦੁਕਾਨਾਂ ਖਰੀਦਣ ਦੀ ਪਹੁੰਚ ਨਹੀਂ ਸੀ, ਉਨ੍ਹਾਂ ਆਪਣੇ ਪੱਲੇ ਤੋਂ ਹੀ ਪੈਸੇ ਦੇ ਕੇ ਸਾਡੇ ਨਾ ਰਜਿਸਟਰੀ ਕਰ ਦਿੱਤੀ। ਫੇਰ ਕਈ ਸਾਲਾਂ ਪਿੱਛੋਂ ਜਦ ਉਨ੍ਹਾਂ ਨੂੰ ਵੇਚਿਆ ਤਾਂ ਸਾਡੀ, ਇਕ ਪਾਈ ਲੱਗੇ ਬਿਨਾਂ ਉਨ੍ਹਾਂ ਦਾ ਸਾਰਾ ਨਫਾ, ਹਜ਼ਾਰਾਂ ਰੁਪਏ, ਮੈਨੂੰ ਦੇ ਦਿੱਤਾ। ਇਸ ਪ੍ਰਕਾਰ ਕੌਣ ਕੋਈ ਕਿਸੇ ਦੂਜੇ ਲਈ ਸੋਚਦਾ ਹੈ? ਨਜ਼ਦੀਕੀ ਰਿਸ਼ਤੇਦਾਰ, ਅਜਿਹਾ ਨਹੀਂ ਕਰ ਸਕਦੇ। ਏਸੇ ਪ੍ਰਕਾਰ ਸਕੂਲ ਲਈ ਉਨ੍ਹਾਂ ਇਕ ਜ਼ਮੀਨ ਦਾ ਟੁਕੜਾ ਖਰੀਦ ਕੇ ਦਿੱਤਾ, ਜੋ ਵਧੀ ਕੀਮਤ ਤੋਂ ਵੇਚਣ ਨਾਲ ਚੰਗੀ ਕੀਮਤ ਦੇ ਗਿਆ, ਜਿਸ ਨਾਲ ਸਕੂਲ ਵਿੱਚ ਪ੍ਰਿੰਸੀਪਲ ਦੀ ਰਿਹਾਇਸ਼ ਲਈ ਚੰਗੀ ਕੋਠੀ ਬਣ ਗਈ। ਇਸ ਨਾਲ ਸਕੂਲ ਤੇ ਕਿਰਾਏ ਦਾ ਬੋਝ ਹੱਟ ਗਿਆ ਅਤੇ ਉਸ ਦੀ ਆਪਣੀ ਚੀਜ਼ ਬਣ ਗਈ। ਜਿਸ ਦੇ ਇਕ ਹਿੱਸੇ ਵਿੱਚ ਅਸੀਂ 16 ਸਾਲ ਰਹੇ ਤੇ ਦੂਜੇ ਹਿੱਸੇ ਵਿੱਚ ਕਲਾਸਾਂ ਜਾਂ ਸਾਇੰਸ ਰੂਮ ਆਦਿ ਖੁਲ੍ਹਿਆ ਰਿਹਾ।

ਇਸ ਪਿਛੋਂ ਵੀ ਉਹ ਕੋਈ ਨਵੀਂ ਥਾਂ ਆਦਿ ਖਰੀਦਦੇ ਤਾਂ ਉਸ ਵਿੱਚ ਮੇਰਾ ਹਿੱਸਾ ਜਰੂਰ ਪਾ ਲੈਂਦੇ ਤਾਂ ਜੋ ਮੈਨੂੰ ਕੁਝ ਫਾਇਦਾ ਹੋ ਜਾਵੇ। ਇਸ ਪ੍ਰਕਾਰ ਪਰਾਈ ਲੋੜ੍ਹ ਦਾ ਅਹਿਸਾਸ ਮੈਨੂੰ ਬਹੁਤ ਹੀ ਘੱਟ ਕਿਸੇ ਹਿਰਦੇ ਅੰਦਰ ਵੇਖਣ ਨੂੰ ਮਿਲਿਆ ਹੈ।

ਉਨ੍ਹਾਂ ਨੂੰ ਦੋ ਮੌਤਾਂ ਦੀ ਬੇਹਦ ਵੱਡੀ ਸੱਟ ਤੇ ਸਦਮਾ ਪੁੱਜਾ। ਪਹਿਲਾਂ ਉਨ੍ਹਾਂ ਦਾ ਦੋਹਤਾ ਬੀਬੀ ਸਤਿੰਦਰ ਧਵਨ ਦਾ ਪੁਤਰ ਬੌਬੀ ਅਚਾਨਕ ਸਿਰ ਦੇ ਟਿਊਮਰ ਕਾਰਨ ਬੇਹਦ ਇਲਾਜਾਂ ਦੇ ਬਾਵਜੂਦ ਹੱਥੋਂ ਨਿਕਲ ਗਿਆ। ਉਹ ਸਾਡੇ ਘਰ ਵੀ ਆ ਕੇ ਖੇਡਦਾ ਸੀ, ਬਹੁਤ ਖੁਸ਼ ਹੁੰਦਾ ਸੀ। ਉਹ ਦੀ ਸੱਟ ਨੇ, ਤੇ ਫੇਰ ਗਾਲਬਣ ਸਨ 77 ਵਿੱਚ, ਉਨ੍ਹਾਂ ਦਾ ਆਪਣਾ ਛੋਟਾ ਜਵਾਨ ਜਹਾਨ ਪੁਤੱਰ ਤਜਿੰਦਰ ਆਪਣੀ ਹੀ ਫੈਕਟਰੀ ਦੇ ਹਾਦਸੇ ਦਾ ਇਕ ਸੈਕੰਡ ਵਿੱਚ ਸ਼ਿਕਾਰ ਹੋ ਗਿਆ। ਇਨ੍ਹਾਂ ਸੱਟਾਂ ਨੇ ਸਾਰੇ ਪਰਿਵਾਰ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਸਾਨੂੰ ਵੀ ਬਹੁਤ ਸੱਟ ਲਗੀ। ਅਸੀਂ ਵੀ ਇਸ ਹਾਦਸੇ ਨਾਲ ਬਹੁਤ ਹਿਲ ਗਏ ਸਾਂ। ਅਸੀਂ ਉਨ੍ਹਾਂ ਦੇ ਅੰਗ-ਸੰਗ ਉਨ੍ਹਾਂ ਚਿਰ ਰਹੇ ਜਿੰਨ੍ਹਾ ਚਿਰ ਉਹ ਕੁਝ ਹੋਰ ਸੰਭਲ ਕੇ ਇਸ ਸੱਟ ਨੂੰ ਝਲਣ ਯੋਗ ਨਹੀਂ ਹੋ ਗਏ। ਫੇਰ ਨਿਕਟਤਾ ਏਨੀ ਵੱਧ ਗਈ ਕਿ ਉਨ੍ਹਾਂ, ਇਕ ਰਿਸ਼ਤਾ ਕਰਾ ਸਾਨੂੰ ਆਪਣਾ ਰਿਸ਼ਤੇਦਾਰ ਹੀ ਬਣਾ ਲਿਆ। ਪਰ ਸ਼ੋਕ ਉਹ ਰਿਸ਼ਤਾ ਤਾਂ ਬਣਿਆ ਨਾ ਰਹਿ ਸਕਿਆ, ਐਪਰ ਉਸਦਾ ਸਰਦਾਰ ਸਾਹਿਬ ਤੇ ਭੈਣ ਜੀ ਨੇ ਕਦੀ ਵਾਲ ਜਿੰਨਾ ਗਿਲਾ ਵੀ ਨਹੀਂ ਮੰਨ੍ਹਿਆ ਅਤੇ ਸਾਡੇ ਸਬੰਧ ਵਿੱਚ ਕੋਈ ਰਤਾ ਜਿੰਨਾ ਵੀ ਫਰਕ ਨਹੀਂ ਪਿਆ।

ਸ਼ਾਇਦ 1974 ਵਿੱਚ ਪਹਿਲੀ ਵੇਰ ਮੈਨੂੰ ਸਮਾਜ ਨੇ ਅਮਰੀਕਾ ਜਾਣ ਦੀ ਆਗਿਆ ਦਿੱਤੀ ਸੀ। ਸਰਦਾਰ

ਸਾਹਿਬ ਉਦੋਂ ਅਮਰੀਕਾ ਗਏ ਹੋਏ ਸਨ। ਉਨ੍ਹਾਂ ਦੇ ਪੁਤਰ ਨੇ ਮੈਨੂੰ ਸਪਾਂਸਰ ਪੱਤਰ ਭੇਜਿਆ, ਜਿਸ ਸਿਰ ਤੇ ਮੈਨੂੰ ਅਮਰੀਕਾ ਦਾ ਵਿਜ਼ਾ ਮਿਲਿਆ। ਫੇਰ ਉਹ ਵੀ ਮੈਨੂੰ, ਲਾਸ ਐਂਜਲਸ ਏਅਰ ਪੋਰਟ ਤੋਂ ਘਰ ਲੈ ਕੇ ਗਏ। ਉਨ੍ਹਾਂ ਹੀ ਮੇਰੇ ਉਥੇ ਕਈ ਲੈਕਚਰ ਸਭਾਂਵਾਂ ਕਰਾਈਆ। ਉਨ੍ਹਾਂ ਹੀ ਉਥੇ ਮੇਰੇ ਕਿਰਾਏ ਖਰਚੇ, ਝੱਲੇ। ਮੈਨੂੰ ਵੈਨਕੂਵਰ ਜਿੱਥੇ ਸਰਦਾਰ ਸਾਹਿਬ ਤੇ ਭੈਣ ਜੀ ਪੁੱਜੇ ਹੋਏ ਸਨ, ਪਾਸ ਪਹੁੰਚਾਇਆ ਉਥੋਂ ਉਨ੍ਹਾਂ ਹੀ ਮੈਨੂੰ ਬਾਕੀ ਸਾਰਾ ਸਮਾਂ ਕੋਈ ਦੋ ਮਹੀਨੇ ਆਪਣੇ ਨਾਲ ਨਾਲ ਰੱਖਿਆ, ਮੇਰੇ ਲਈ ਬਿਨਾਂ ਨਮਕ ਤੋਂ ਖਾਣਿਆਂ ਦਾ ਖਿਆਲ ਰੱਖਿਆ, ਤੇ ਉਨ੍ਹਾਂ ਸੰਗ ਹੀ ਮੈਂ ਵਾਪਸ ਭਾਰਤ ਪਰਤਿਆ। ਉਨ੍ਹਾਂ ਸਮਾਜ ਵਿੱਚ ਆ ਕੇ ਸਭਾਂਵਾਂ ਸੁਨਣੀਆਂ ਤੇ ਖੁਸ਼ ਹੋਣਾ।

ਸਨ 1988 ਵਿੱਚ ਦੇਵ ਸਮਾਜ ਵਿੱਚ ਵਿਘਟਣ ਹੋ ਗਿਆ। ਵੱਡਾ ਕਾਰਨ ਮੇਰੇ ਪਾਸ ਸਮਾਜ ਦਾ ਵੱਡਾ ਪਦ ਸੀ, ਜੋ ਕੁਝ ਮੇਹਰਬਾਨਾਂ ਨੂੰ ਸੁਖਾਂਦਾ ਨਹੀਂ ਸੀ। ਜਦੋਂ ਮੈਨੂੰ ਮੇਰੇ ਕਿਸੇ ਕਸੂਰ ਤੋਂ ਬਿਨਾਂ ਪਦਾਂ ਤੋਂ ਉਤਾਰਿਆ ਗਿਆ, ਸ਼੍ਰੇਣੀਆਂ ਤੋਂ ਲ੍ਹਾ ਦਿੱਤਾ ਗਿਆ ਅਤੇ ਸਭਾਂਵਾਂ ਆਦਿ ਕਰਾਉਣ ਦਾ ਅਧਿਕਾਰ ਵੀ ਬਹੁਤ ਕੁਝ ਮੈਥੋਂ ਛਿਣ ਗਿਆ, ਤੱਦ ਸਮਾਜ ਦੇ ਦਾਇਰੇ ਅੰਦਰ ਵੀ ਇਸ ਦਾ ਰੋਸ ਪੈਦਾ ਹੋਇਆ। ਉਸ ਸਮੇਂ ਸਰਦਾਰ ਸਾਹਿਬ, ਡੀ. ਆਈ. ਜੀ. ਗੁਰਭਗਤ ਸਿੰਘ ਜੀ, ਸ਼੍ਰੀ ਮਾਨ ਪ੍ਰੇਮ ਬਲ ਜੀ, ਸ਼੍ਰੀਮਾਨ ਹਿੱਤ ਅਭਿਲਾਸ਼ੀ ਜੀ ਨੇ ਬਹੁਤ ਦਰਦ ਨਾਲ ਭਰ ਕੇ ਬਾਰ ਬਾਰ ਸਮਾਜ ਨੂੰ ਜਾ ਕੇ ਇਕੱਠਿਆਂ ਮਿਲ ਕੇ, ਪ੍ਰਾਰਥਨਾ ਕੀਤੀ। ਮੇਰੇ ਬਿਨਾ ਕਿਸੇ ਨੂੰ ਕੁਝ ਕਹਿਣ ਤੇ, ਉਨ੍ਹਾਂ ਨੂੰ ਦੁੱਖ ਲੱਗਾ, ਜੋ ਉਹ ਸਭ ਕਈ ਵਾਰ ਸੁਧਾਰ ਲਿਆਉਣ ਲਈ ਸਮਾਜ ਪ੍ਰਬੰਧ ਨੂੰ ਮਿਲਦੇ ਰਹੇ। ਉਨ੍ਹਾਂ ਦੇ ਇਸ ਅਹਿਸਾਸ ਦਾ ਵੀ ਮੇਰੇ ਉਤੇ ਗਹਿਰਾ ਅਸਰ ਹੈ।

ਫੇਰ ਜਦ ਮੈਂ ਵੱਖ ਰਹਿ ਕੇ ਕੰਮ ਕਰਨ ਲਈ ਮਜਬੂਰ ਹੋ ਗਿਆ, ਤੱਦ ਸਰਦਾਰ ਸਾਹਿਬ ਨੇ ਮੇਰਾ ਬੜਾ ਉਤਸਾਹ ਵਧਾਇਆ। ਸਾਡੀਆਂ ਸਭਾਂਵਾਂ ਵਿਚ ਆ ਕੇ ਸ਼ਾਮਲ ਹੁੰਦੇ ਰਹੇ। ਹਰ ਸਾਲ 5 ਹਜ਼ਾਰ ਰੁਪਏ ਮਹੋਤਸਵ ਤੇ ਅਤੇ ਹੋਰ ਸਮਿਆਂ ਤੇ ਵੱਖ ਦਾਨ ਦੇ ਦੇ ਕੇ ਸਾਡੀ ਬਹੁਤ ਹੌਸਲਾ ਅਫਜਾਈ ਕਰਦੇ। ਉਨ੍ਹਾਂ ਤੋਂ ਪਿਛੋਂ ਭੈਣ ਜੀ ਪ੍ਰੀਤਮ ਕੌਰ ਵੀ, ਬੁੜ੍ਹਾਪੇ ਦੀਆਂ ਬੇਬਸੀਆਂ ਪਰਾਂ ਸੁੱਟ ਕੇ, ਕੀ ਸਾਡੇ ਘਰ, ਕੀ ਉਤਸਵਾਂ ਤੇ ਦਾਨ ਦੇਣ ਲਈ ਪੁਜਦੇ ਰਹੇ ਹਨ।

ਸ਼ੁਰਾਧਾਂ ਦੇ ਦਿਨਾਂ ਵਿੱਚ ਸਰਦਾਰ ਸਾਹਿਬ ਸਾਨੂੰ ਦੋਵਾਂ ਨੂੰ ਖੀਰ ਤੇ ਪ੍ਰਸਾਦ ਅਕਸਰ ਖੁਆ ਕੇ ਬੜੀ ਖੁਸ਼ੀ ਹਾਸਲ ਕਰਦੇ। ਆਪਣੀ ਕਾਰ ਵਿੱਚ, ਸਾਨੂੰ ਉਨ੍ਹਾਂ ਦੇ ਛੋਟੇ ਪੁੱਤਰ ਜਿਸ ਪਿਆਰ ਨਾਲ ਪੰਜੌਰ ਲੈ ਕੇ ਗਏ ਸੀ, ਉਸਦੀ ਯਾਦ ਬਾਰ-ਬਾਰ ਆਉਂਦੀ ਰਹੀ ਹੈ। ਉਨ੍ਹਾਂ ਦੇ ਬੱਚੇ ਵੀ ਸਾਡੇ ਨਾਲ ਖਾਸ ਸਬੰਧ ਮਹਿਸੂਸ ਕਰਦੇ ਹਨ। ਛੋਟੇ ਪੁੱਤਰ ਦੀ ਸ਼ਾਦੀ ਲਈ, ਮੋਗੇ ਤੋਂ ਬੀਬੀ ਅਮਰਜੀਤ ਦੇ ਰਿਸ਼ਤੇ ਦਾ ਮੇਰਾ ਸੁਝਾਅ, ਹੋਰ ਕਈ ਰਿਸ਼ਤਿਆਂ ਨੂੰ ਛਡ ਕੇ ਸਰਦਾਰ ਸਾਹਿਬ ਨੇ ਮੁਖ ਰੱਖ ਕੇ ਮੇਰਾ ਬਹੁਤ ਵਡਾ ਮਾਨ ਕੀਤਾ।

ਬੀਬੀ ਸਤਿੰਦਰ ਧਵਨ, ਪਤਨੀ ਸ਼੍ਰੀ ਹਰਮੋਹਨ ਧਵਨ ਸਾਬਕ ਐਵੀਏਸ਼ਨ ਮੰਤਰੀ ਭਾਰਤ ਸਰਕਾਰ, ਹਮੇਸ਼ਾ ਹੀ ਸਾਡਾ ਬਹੁਤ ਸਤਕਾਰ ਕਰਦੀਆਂ ਹਨ। ਉਹ ਸੁਰਜੀਤ ਜੀ ਨਾਲ ਬਹੁਤ ਪਿਆਰ ਦਾ ਸਬੰਧ ਮਹਿਸੂਸ ਕਰਦੀਆਂ ਹਨ। ਉਨ੍ਹਾਂ ਨੂੰ ਆਪਣੇ ਨਾਲ ਆਪਣੀ ਸਮਾਜ-ਸੇਵਾ ਦੇ ਕੰਮਾਂ ਵਿੱਚ ਸ਼ਾਮਲ ਰੱਖ ਕੇ ਦਿਲੋਂ ਬਹੁਤ ਖੁਸ਼ ਹੁੰਦੀਆਂ ਹਨ। ਉਹ ਵੀ ਆਪਣੇ ਸੁਹਿਰਦ ਪਿਤਾ ਵਾਂਗ ਖਾਸ ਹੀ ਹਿਰਦੇ ਦੀਆਂ ਮਾਲਕ ਹਨ। ਉਹ ਸਾਡੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਲਈ ਹਰ ਵੇਲੇ ਸਾਥ ਦਿੰਦੀਆ ਹਨ। ਕਿਸੇ ਵੀ ਚੀਫ-ਕਮਿਸ਼ਨਰ, ਅਫਸਰ, ਡੀ.ਸੀ., ਪੁਲਸ ਦੇ ਕੰਮਾਂ ਵਿੱਚ ਆਦਿ ਨੂੰ ਆਪ ਸਾਡੇ ਨਾਲ ਮਿਲ ਕੇ ਸਹਾਇਤਾ ਕਰਨ ਦਾ ਸਦਾ ਯਤਨ ਕਰਦੀਆਂ ਹਨ।

ਆਪਣੇ ਸੁਹਿਰਦ ਪਿਤਾ ਵਾਂਗ ਉਨ੍ਹਾਂ ਇਕ ਵੇਰ ਸਾਡੇ ਲਈ ਇਕ ਪਲਾਟ ਖਰੀਦਨ ਲਈ ਆਪਣੇ ਪੱਲੇ ਤੋਂ ਪੇਸ਼ਗੀ ਦੇ ਕੇ ਸਾਨੂੰ ਇਕ ਪਲਾਟ ਦੁਆਇਆ, ਜਿਸ ਨਾਲ ਸਾਨੂੰ ਲੱਖਾਂ ਰੁਪਏ ਦਾ ਲਾਭ ਹੋਇਆ।

ਇਸ ਪ੍ਰਕਾਰ ਸਰਦਾਰ ਸਾਹਿਬ ਸਬੰਧੀ ਬਹੁਤ ਖੂਬਸੂਰਤ ਯਾਦਾਂ ਮੈਂ ਆਪਣੇ ਦਿਲ ਵਿਖੇ ਸੰਜੋ ਰੱਖੀਆਂ ਹਨ। ਹਰ ਰੋਜ਼ ਉਨ੍ਹਾਂ ਨੂੰ ਉਨ੍ਹਾਂ ਦੇ ਸਭ ਪਰਿਵਾਰ ਨੂੰ, ਬੱਚਿਆਂ ਨੂੰ ਯਾਦ ਕਰ ਕੇ ਉਨ੍ਹਾਂ ਦੇ ਹਿੱਤ ਦੀ ਕਾਮਨਾ ਕਰਕੇ ਤ੍ਰਿਪਤੀ ਪਾਉਂਦਾ ਹਾਂ। ਸਦਾ ਹੀ ਉਨ੍ਹਾਂ ਦੇ ਸ਼ੁਭ ਦੀ ਇੱਛਿਆਂ ਰੱਖਣ ਦਾ ਇੱਛੁਕ ਹਾਂ।

ਸਤਿ ਧਰਮ ਬੋਧ ਉਤਸਵ ਤੋਂ ਪਹਿਲਾਂ ਸਤਿਸੰਗ

ਹਰ ਸਾਲ ਦੀ ਤਰ੍ਹਾਂ ਸਤਿ ਧਰਮ ਬੋਧ ਉਤਸਵ ਤੋਂ ਪਹਿਲਾਂ ਇਸ ਸਾਲ ਵੀ ਸਤਿਸੰਗ ਦਾ ਪ੍ਰਬੰਧ ਕੀਤਾ ਗਿਆ। ਪਹਿਲਾਂ ਸੁੰਦਰ ਕਾਰਡ ਛਪਵਾ ਕੇ ਸਭ ਜ਼ਰੂਰੀ ਸਥਾਨਾਂ ਤੇ ਭੇਜੇ ਗਏ। ਪੰਜਾਬੀ, ਹਿੰਦੀ ਦੀਆਂ ਪਤ੍ਰਿਕਾਵਾਂ ਵਿਚ ਸਮੇਂ ਤੇ ਨੋਟਿਸ ਦਿੱਤੇ ਗਏ।

18 ਸਤੰਬਰ 2005 ਦੀ ਸਵੇਰ ਤੋਂ ਸਤਿਸੰਗ 3104, ਸੈਕਟਰ 35-ਡੀ ਖੇੜਾ ਸਾਹਿਬ ਦੇ ਘਰ ਦੇ ਨਿਕਟ, ਜਿੱਥੇ ਐਤਵਾਰ ਦੀਆਂ ਸਭਾਂਵਾਂ ਹੁੰਦੀਆਂ ਹਨ, ਸਤਿਸੰਗ ਦੀਆਂ ਸਭਾਂਵਾਂ ਰੱਖੀਆਂ ਗਈਆਂ।

ਇਸ ਖਾਸ ਸਤਿਸੰਗ ਤੋਂ ਲਾਭ ਉਠਾਉਣ ਲਈ ਸ਼੍ਰੀਮਾਨ ਨਰੇਂਦਰ ਦੱਤ ਜੀ ਖਤੌਲੀ ਤੋਂ, ਸ਼੍ਰੀਮਾਨ ਓਮ ਪ੍ਰਕਾਸ਼ ਜੀ ਯਮੁਨਾ-ਨਗਰ ਤੋਂ, ਸ਼੍ਰੀਮਾਨ ਜਾਗੀਰ ਸਿੰਘ ਜੀ ਕੇਸੂਪੁਰਾ ਤੋਂ ਪਹੁੰਚ ਗਏ ਸੀ। 21 ਦਸੰਬਰ ਦੀ ਸਵੇਰੇ ਪ੍ਰਦਮਪੁਰ ਅਤੇ ਗਜ ਸਿੰਘ ਪੁਰਾ ਤੋਂ 9-10 ਜਨ ਪਹੁੰਚ ਗਏ। ਪੰਚਕੂਲਾ ਤੋਂ ਸ਼੍ਰੀ ਸੁਸ਼ੀਲ ਜੀ ਅਤੇ ਉਹਨਾਂ ਦੇ ਪਰਿਵਾਰ ਦੀ ਇੱਕ ਇਸਤਰੀ ਵੀ ਆ ਕੇ ਸ਼ਾਮਲ ਹੁੰਦੇ ਰਹੇ। ਸਥਾਨੀ ਸੇਵਕ ਸੇਵਿਕਾ ਭੀ ਚੰਗੀ ਗਿਣਤੀ ਵਿੱਚ ਭਾਗ ਲੈਂਦੇ ਰਹੇ।

ਸਤਿਸੰਗ ਤੋਂ ਪਹਿਲਾਂ 18-ਡੀ ਧਰਮ-ਸ਼ਾਲਾ ਦੀ ਸਫ਼ਾਈ ਸ਼੍ਰੀਮਾਨ ਜਗਦੀਸ਼ ਜੀ, ਸੁਖਦੇਵ ਜੀ ਅਤੇ ਨਰੇਂਦਰ ਦੱਤ ਜੀ ਧੀਮਾਨ ਨੇ ਮਿਲਕੇ ਕੀਤੀ।

21 ਤਾਰੀਖ ਦੀ ਸਵੇਰ ਤੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ। ਦੋ ਆਦਮੀ ਖਾਣਾ ਬਨਾਉਣ ਲਈ ਰੱਖੇ ਗਏ। ਰਾਸ਼ਨ, ਗੈਸ ਬਰਤਨਾਂ ਆਦਿ ਦਾ ਪ੍ਰਬੰਧ ਕੀਤਾ ਗਿਆ।

ਸਭਾਂਵਾਂ ਦਾ ਮੁੱਖ ਵਰਤਾਂਤ ਇਸ ਤਰ੍ਹਾਂ ਹੈ:-

18-9-05 ਜ਼ੋਰਦਾਰ ਵਰਖਾ ਦੇ ਕਾਰਨ ਵੀ ਐਤਵਾਰ ਨੂੰ ਸਭਾ ਰੱਖੀ ਗਈ ਅਤੇ ਚੰਗੀ ਗਿਣਤੀ ਵਿੱਚ ਜਨ ਸ਼ਾਮਿਲ ਹੋਏ। ਦੇਵ-ਸਤੋਤਰ ਦਾ ਗਾਇਣ ਤੇ ਵਿਆਖਿਆ ਕੀਤੀ ਗਈ। ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਖੇੜ੍ਹਾ ਸਾਹਿਬ ਦੇ ਸੁਝਾਉ ਅਨੁਸਾਰ ਹਾਜਰੀਨ ਤੋਂ ਪ੍ਰਸ਼ਨ ਕਰ ਕਰ ਕੇ ਪੂਜਨੀਕ ਭਗਵਾਨ ਦੀ ਸਿੱਖਿਆ ਸਮਝਾਉਣ ਦਾ ਯਤਨ ਕੀਤਾ। ਇਸ ਸਭਾ ਵਿੱਚ ਸਭ ਤੋਂ ਪਹਿਲਾ ਪ੍ਰਸ਼ਨ ਪੁੱਛਿਆ ਗਿਆ ਕਿ ਸਿੱਖਿਆ ਕੀ ਹੁੰਦੀ ਹੈ? ਸਿੱਖਿਆ ਦੇ ਕੀ ਲਾਭ ਹਨ? ਪੜ੍ਹੇ ਲਿੱਖੇ ਤੇ ਅਨਪੜ੍ਹ ਜਨਾਂ ਦੀ ਕੀ ਪਹਿਚਾਣ ਹੈ? ਧਰਮ ਕੀ ਹੁੰਦਾ ਹੈ ਅਤੇ ਮਨੁੱਖ ਧਰਮਵਾਨ ਕਿਵੇਂ ਬਣ ਸਕਦਾ ਹੈ? ਧਰਮ ਉੱਚ ਭਾਵਾਂ ਨਾਲ ਆਉਂਦਾ ਹੈ, ਨੀਚ ਭਾਵ ਕਿਵੇਂ ਹਾਨੀ ਕਰਦੇ ਹਨ? ਉੱਚ ਭਾਵਾਂ ਦੀ ਪ੍ਰਾਪਤੀ ਕਿਥੋਂ ਅਤੇ ਕਿਵੇਂ ਹੋ ਸਕਦੀ ਹੈ? ਸਭ ਨੇ ਹੀ ਸਵਾਲ ਜਵਾਬ ਵਿੱਚ ਹਿੱਸਾ ਲਿਆ ਤੇ ਬਹੁਤ ਦਿਲਚਸਪੀ ਦਿਖਾਈ।

20-9-05 ਦੀ ਸਭਾ ਵਿੱਚ ਵੀ ਹਾਜ਼ਰੀ ਚੰਗੀ ਸੀਂ। ਇਸ ਵਿੱਚ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਦੱਸਿਆ ਕਿ ਦੂਜੇ ਧਰਮਾਂ ਦੇ ਮੁਕਾਬਲੇ ਵਿੱਚ ਦੇਵ ਧਰਮ ਦੀ ਕੀ ਵਿਸ਼ੇਸ਼ਤਾ ਹੈ? ਦੇਵ ਧਰਮ ਦਾ ਲਕਸ਼ ਕੀ ਹੈ? ਉਸਦੀ ਵਿਸ਼ੇਸ਼ ਦੇਨ ਕੀ ਹੈ? ਦੇਵਆਤਮਾ ਦੀ ਸਿੱਖਿਆ ਤੋਂ ਪਹਿਲਾਂ ਕਿਸੇ ਨੂੰ ਵੀ ਇਨਸਾਨੀ ਰੂਹ ਦਾ ਪ੍ਰਕ੍ਰਿਤ ਗਿਆਨ ਨਹੀਂ ਸੀ। ਹੁਣ ਵੀ ਧਰਮਾਂ ਵਿੱਚ ਰੂਹ ਬਾਰੇ ਕੋਈ ਗਿਆਨ ਨਹੀਂ। ਦੇਵਆਤਮਾ ਨੇ ਵਿਕਾਸ ਕ੍ਰਮ ਵਿਚ ਪ੍ਰਗਟ ਹੋਕੇ ਪਹਿਲੀ ਵਾਰੀਂ ਇਨਸਾਨੀ ਰੂਹ ਨੂੰ ਵੇਖਿਆ। ਹੋਰ ਧਰਮਾਂ ਦੇ ਬਾਵਜੂਦ ਕੇਵਲ ਗੁਰੂ ਮਹਾਰਾਜ ਨੇ ਮਰਦੀਆਂ ਰੂਹਾਂ ਨੂੰ ਬਚਾਉਣ ਖਾਤਿਰ ਅਥਾਹ ਸੰਗ੍ਰਾਮ ਕੀਤਾ ਤੇ ਇਸ ਲਈ ਹੀ ਬੀੜਾ ਉਠਾਇਆ। ਦੇਵਆਤਮਾ ਨੇ ਧਰਮ ਨੂੰ ਆਤਮਾ ਦਾ ਗਿਆਨ ਅਤੇ ਉਸਦੇ ਵਿਕਾਸ ਕਲਿਆਣ ਤੋਂ ਛੁੱਟ ਕੁਝ ਨਹੀਂ ਦੱਸਿਆ। ਆਤਮਾ ਦੇ ਭਲੇ ਤੋਂ ਬਿਨਾਂ ਧਰਮਾਂ ਦੇ ਸਭ ਢੋਂਗ ਫਜ਼ੂਲ ਹਨ।

21-9-05 ਸਵੇਰ ਦੀ ਸਭਾ ਵਿੱਚ ਚੰਗੀ ਹਾਜ਼ਰੀ ਸੀ। ਇਸ ਸਭਾ ਵਿੱਚ ਵੀ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਪ੍ਰਸ਼ਨ ਕੀਤਾ ਕਿ ਦਸੋ ਕਿ ਕਿਹੜੀਆਂ ਅਜਿਹੀਆਂ ਵਿਸ਼ੇਸ਼ਤਾਵਾਂ, ਗੁਰੂ ਮਹਾਰਾਜ ਦੇ ਧਰਮ, ਵਿੱਚ

ਹਨ, ਜੋ ਹੋਰ ਧਰਮਾਂ ਵਿੱਚ ਨਹੀਂ। ਹਾਜਰੀਨ ਨੇ ਬੜੀਆਂ ਠੋਸ ਵਿਸ਼ੇਸ਼ਤਾਵਾਂ ਦੱਸੀਆਂ। ਇਹ ਦੱਸਿਆ ਕਿ ਦੇਵਆਤਮਾ ਵਿਗਿਆਨ ਮੂਲਕ ਧਰਮ ਦੇ ਬਾਨੀ ਹਨ, ਦੂਜੇ ਧਰਮ ਮਿੱਥਿਆ ਤੇ ਆਧਾਰਿਤ ਹਨ।

ਦੇਵਧਰਮ ਦੀਆਂ ਨੀਚੇ ਲਿੱਖੀਆਂ ਵਿਸ਼ੇਸ਼ਤਾਵਾਂ ਦੱਸੀਆਂ ਗਈਆਂ

1. ਇਹ ਵਿਗਿਆਨ ਮੂਲਕ ਹੈ
2. ਇਸਦਾ ਲਕਸ਼ ਮਰਦੀਆ ਰੂਹਾ ਨੂੰ ਬਚਾਉਣਾ ਹੈ।
3. ਭਗਵਾਨ ਨੇ ਪ੍ਰਚਾਰਕਾਂ ਨੂੰ ਤਨਖ਼ਾਹ ਲੈਕੇ ਸਭਾ ਕਰਾਉਣੀਆ ਮਨਾ ਕੀਤੀਆਂ ਹਨ।
4. ਇਸ ਧਰਮ ਵਿੱਚ ਅਜਿਹੀ ਰੋਸ਼ਨੀ ਦਾ ਵਿਤਰਣ ਹੁੰਦਾ ਹੈ ਜਿਸ ਵਿੱਚ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਨਜ਼ਰ ਆਉਂਦੀਆਂ ਹਨ।
5. ਸੰਬੰਧਾਂ ਵਿੱਚ ਏਕਤਾ ਤੇ ਮਿਠਾਸ ਲਿਆਈ ਜਾਂਦੀ ਹੈ।
6. ਉੱਚ ਭਾਵ ਪੈਦਾ ਕੀਤੇ ਜਾਂਦੇ ਹਨ।
7. ਇੱਥੇ ਸੁੱਖ ਦੇ ਲਾਰੇ ਨਹੀਂ ਦਿੱਤੇ ਜਾਂਦੇ।
8. ਆਤਮਾ ਦੀ ਹੋਸ਼ ਪੈਦਾ ਕੀਤੀ ਜਾਂਦੀ ਹੈ।
9. ਮਨੁੱਖ ਦਾ ਸੁਭਾਉ ਬਦਲਿਆ ਜਾਂਦਾ ਹੈ।
10. ਇੱਥੇ ਜਾਤ-ਪਾਤ, ਉੱਚ ਨੀਚ ਦਾ ਭੇਦ ਭਾਵ ਨਹੀਂ।
11. ਕੋਈ ਜਪ ਤਪ ਨਹੀਂ ਸਿਖਾਇਆ ਜਾਂਦਾ।
12. ਨੀਚ ਜੀਵਨ ਮਿਟਾਇਆ ਜਾਂਦਾ ਹੈ।
13. ਪਰ ਉਪਕਾਰ ਅਰਥਾਤ ਪਰਸੇਵਾ ਵਿੱਚ ਲਗਾਇਆ ਜਾਂਦਾ ਹੈ।

21-9-05 ਸ਼ਾਮ ਦੀ ਸਭਾ ਵਿੱਚ ਚੰਗੀ ਹਾਜਰੀ ਸੀ। ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਅਤੇ ਸ਼੍ਰੀਮਤੀ ਸਨੇਹਲਤਾ ਜੀ ਰਾਏਪੁਰ ਰਾਣੀ ਸ਼ਾਮ ਦੀ ਸਭਾ ਵਿੱਚ ਆਕੇ ਸ਼ਾਮਿਲ ਹੋਏ ਅਤੇ ਕੁਝ ਹੋਰ ਲੋਕਲ ਜਨ ਵੀ ਆਏ।

ਇਸ ਸਭਾ ਵਿੱਚ ਪਰਿਵਰਤਨ ਦੇ ਨੇਮ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ। ਪਰਿਵਰਤਨ ਕੀ ਹੁਦਾ ਹੈ? ਚਾਰਾਂ ਜਗਤਾਂ ਵਿੱਚ ਪਰਿਵਰਤਨ ਆਉਂਦਾ ਹੈ। ਮਨੁੱਖੀ ਅਸਤਿੱਤਵ ਵਿੱਚ ਸਾਫ਼-ਸਾਫ਼ ਪਰਿਵਰਤਨ ਦਿਖਾਈ ਨਹੀਂ ਦਿੰਦਾ। ਇਨਸਾਨੀ ਹਸਤੀ ਵਿੱਚ ਵੀ ਪਰਿਵਰਤਨ ਆਉਂਦਾ ਹੈ। ਸਰੀਰਕ ਪਰਿਵਰਤਨ ਦਿਖਾਈ ਦੇ ਜਾਂਦਾ ਹੈ। ਚਾਰ ਪੰਜ ਸਾਲ ਦੇ ਬਾਅਦ ਦੇ ਬੱਚੇ ਅੰਦਰ ਇੱਕ ਹੋਰ ਪਰਿਵਰਤਨ ਆਉਂਦਾ ਹੈ, ਉਹ ਸਿੱਖਿਆ ਸੰਬੰਧੀ ਮਾਨਸਿਕ ਪਰਿਵਰਤਨ ਹੈ। ਇਸ ਤੋਂ ਇਲਾਵਾ ਮਨੁੱਖ ਦੀ ਹਸਤੀ ਵਿੱਚ ਸੂਖਮ ਪਰੀਵਰਤਨ ਵੀ ਆਉਂਦਾ ਹੈ। ਉਹ ਸਾਡੇ ਵਿਸ਼ਵਾਸ, ਸਾਡੀ ਚਿੰਤਾ, ਸਾਡੇ ਵਿਚਾਰ, ਬੋਲ-ਬਾਣੀ ਅਤੇ ਸਾਡੀਆਂ ਕ੍ਰਿਆਵਾਂ ਵਿੱਚ ਪਰਿਵਰਤਨ ਹੈ। ਉੱਚ ਭਾਵਾਂ ਦੇ ਪਰਿਵਰਤਨ ਨਾਲ ਸਾਡੀ ਜੀਵਨੀ ਸ਼ਕਤੀ ਅਤੇ ਆਤਮਾ ਵਿੱਚ ਉੱਚ ਪਰਿਵਰਤਨ ਆਉਂਦਾ ਹੈ। ਉਹ ਜਿਉਣ ਦੇ ਰਾਹ ਤੇ ਚਲਦੀ ਹੈ ਤੇ ਮੌਤ ਦੇ ਮਾਰਗ ਤੋਂ ਬਚਦੀ ਹੈ। ਆਪਣੇ ਪਰਿਵਰਤਨ ਨੂੰ ਜਾਨਣਾ ਮਨੁੱਖ ਦਾ ਬਹੁਤ ਵੱਡਾ ਸੁਭਾਗ ਹੈ।

ਮਨੁੱਖ ਦੀ ਜੀਵਨੀ ਸ਼ਕਤੀ ਵਿੱਚ ਉਸਦੇ ਵਿਚਾਰ, ਵਚਨ, ਵਿਸ਼ਵਾਸ ਅਤੇ ਕ੍ਰਿਆਵਾਂ ਪਰਿਵਰਤਨ ਪੈਦਾ ਕਰਦੀਆਂ ਹਨ। ਨੀਚ ਪਰਿਵਰਤਨ ਦੇ ਜਾਰੀ ਰਹਿਣ ਵਿੱਚ ਆਤਮਾ ਹਮੇਸ਼ਾ ਲਈ ਨਸ਼ਟ ਹੋ ਜਾਂਦਾ ਹੈ।

22-9-05 ਸਵੇਰੇ 9.30 ਵਜੇ ਦੀ ਸਭਾ ਵਿੱਚ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਦੱਸਿਆ ਕਿ ਧਰਮ ਦਾ ਸਰੂਪ ਕੀ ਹੈ? ਮਿੱਥਿਆ ਮਤਾਂ ਦਾ ਕਲਪਿਤ ਰੂਪ ਦੱਸਿਆ ਗਿਆ। ਦੇਵ ਧਰਮ ਵਿੱਚ ਉੱਚ ਭਾਵਾਂ ਦਾ ਨਾਂ ਹੀ ਧਰਮ ਹੈ। ਇੱਕ ਸਾਤਵਿਕ ਭਾਵ ਦੀ ਮਹਿਮਾ ਬਿਆਨ ਕੀਤੀ ਗਈ। ਧਰਮ ਦਾ ਲਕਸ਼ ਆਤਮਾ ਦੀ ਰੱਖਿਆ ਅਤੇ ਵਿਕਾਸ ਹੈ।

22-9-05 ਸ਼ਾਮ ਦੀ ਸਭਾ ਵੀ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ 30-35 ਦੀ ਹਾਜ਼ਰੀ ਸੀ। ਇਸ ਵਿੱਚ ਦੱਸਿਆ ਗਿਆ ਕਿ ਧਰਮ ਦੀ ਪਹਿਚਾਨ ਸੰਬੰਧਾਂ ਵਿੱਚ ਹੈ। ਨਜ਼ਦੀਕੀ ਸੰਬੰਧਾਂ ਵਿੱਚ ਮਿਠਾਸ, ਮੇਲ , ਆਪਸੀ ਸੇਵਾ, ਸਦਭਾਵ, ਸਤਿਕਾਰ ਅਤੇ ਤਿਆਗ ਨਾਲ ਸੰਬੰਧ ਸਵਰਗੀ ਬਣਦੇ ਹਨ। ਭਗਵਾਨ ਦੇਵਆਤਮਾ ਨੇ ਇਸ ਪ੍ਰਿਥਵੀ ਤੇ ਸਵਰਗੀ

ਸੰਬੰਧ ਬਣਾਕੇ ਸਵਰਗ ਪੈਦਾ ਕੀਤਾ ਹੈ। ਸ਼੍ਰੀਮਾਨ ਭਾਈ ਅਤਰ ਸਿੰਘ ਜੀ ਦਾ ਰੂਪ ਪੇਸ਼ ਕੀਤਾ ਗਿਆ। ਚੰਗੇ ਸੰਬੰਧਾਂ ਦੀਆਂ ਸ਼ਾਨਦਾਰ ਮਿਸਾਲਾਂ ਦਿੱਤੀਆਂ ਗਈਆਂ।

23-9-05 ਦੀ ਸਵੇਰ ਇਸ ਸਤਿਸੰਗ ਦੀ ਆਖਿਰੀ ਸਭਾ ਸੀ। ਇਸ ਵਿੱਚ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਦੱਸਿਆਂ ਕਿ ਦੇਵ ਧਰਮ ਵਿੱਚ ਆਕੇ ਵੀ ਸਭ ਤੋਂ ਵੱਡੀ ਤੇ ਭਿਆਨਕ ਗਫ਼ਲਤ ਜਾਂ ਲਾਪਰਵਾਹੀ ਸਾਧਨ ਅਤੇ ਸਤਿਸੰਗ ਦੇ ਪ੍ਰਤੀ ਹੁੰਦੀ ਹੈ। ਇਸ ਕਾਰਨ ਬਹੁਤ ਸਾਰੇ ਜੀਵਨ ਬਰਬਾਦ ਹੋ ਜਾਂਦੇ ਹਨ। ਦੇਵ ਪ੍ਰਭਾਵ ਆਪਣੇ ਆਪ ਇਨਸਾਨ ਨੂੰ ਨਹੀਂ ਮਿਲਦੇ। ਸਤਿਸੰਗ ਵਿੱਚ ਕੁਝ ਰੋਸ਼ਨੀ ਅਤੇ ਬਲ ਮਿਲਨਾ ਸੰਭਵ ਹੈ। ਜਿਸ ਪ੍ਰਕਾਰ ਹਰਿਆਲੀ ਵਿੱਚ ਸੈਰ ਰਾਹੀਂ ਆਕਸੀਜਨ ਪ੍ਰਾਪਤ ਕਰਦੇ ਰਹਿਣ ਨਾਲ ਮਨੁੱਖ ਦੀ ਸੇਹਤ ਵਿੱਚ ਅਕਾਸ਼ ਪਤਾਲ ਦਾ ਅੰਤਰ ਆ ਜਾਂਦਾ ਹੈ, ਉਸੇ ਤਰ੍ਹਾਂ ਲਗਾਤਾਰ ਜ਼ਿੰਦਾ ਸਤਿਸੰਗ ਵਿੱਚ ਬੈਠਕੇ ਅਧਿਕਾਰੀ ਮਨੁੱਖਾਂ ਨੂੰ ਬੇਹਦ ਲਾਭ ਪਹੁੰਚਦਾ ਹੈ। ਕਿਸੇ ਉਮਰ ਵਿੱਚ ਭੀ ਸਤਿਸੰਗ ਤੋਂ ਵੰਚਿਤ ਰਹਿਣਾ ਬਹੁਤ ਵੱਡੀ ਭੁੱਲ ਅਤੇ ਬਦਕਿਸਮਤੀ ਹੈ।

ਤਕਰੀਬਨ ਸਾਰੀਆਂ ਹੀ ਸਭਾਂਵਾਂ ਬਹੁਤ ਪ੍ਰਭਵਾਸ਼ਾਲੀ ਸਨ। ਦਰਜਨ ਤੋਂ ਉਪਰ ਜਨ ਬਾਹਰੋ ਆਕੇ ਸਤਿਸੰਗ ਦੀਆਂ ਸਭਾਂਵਾਂ ਵਿੱਚ ਸ਼ਾਮਿਲ ਹੋਏ ਅਤੇ ਬਹੁਤ ਲਾਭ ਉਠਾਇਆ। ਇੱਕ-ਇੱਕ ਜਨ ਆਪਣੀ ਨੀਚਤਾ ਦੇਖਦਾ ਰਿਹਾ ਤੇ ਅਜਿਹਾ ਇਜ਼ਹਾਰ ਕਰਨ ਲਈ ਬੇਬਸ ਹੋ ਗਿਆ ਕਿ ਆਪਣੇ ਆਪ ਨੂੰ ਜੁਤੇ ਮਾਰਨ ਨੂੰ ਦਿਲ ਕਰਦਾ ਹੈ। ਕਈ ਜਨ ਬਹੁਤ ਧੰਨ ਧੰਨ ਹੁੰਦੇ ਰਹੇ।

ਭਗਵਾਨ ਦੇਵਆਤਮਾ ਅਤੇ ਹੋਰ ਸਹਾਏ ਕਾਰੀਆਂ ਦੀ ਸਹਾਇਤਾ ਨਾਲ ਇਹ ਸਤਿਸੰਗ ਆਤਮਾਵਾਂ ਦੇ ਲਈ ਕਾਫੀ ਲਾਭਦਾਇਕ ਪ੍ਰਮਾਣਿਤ ਹੋਇਆ। ਸ਼ਾਮ ਤੋਂ ਸਤਿ ਧਰਮ ਬੋਧ ਉਤਸਵ ਦਾ ਪ੍ਰੋਗ੍ਰਾਮ ਸ਼ੁਰੂ ਹੋ ਗਿਆ।

ਇੱਕ ਪੱਤਰ

ਪਾਠਕਾਂ ਦੀ ਸਾਂਝ

C.M. Gupta Ji ਮੰਡੀ ਅਹਿਮਦ ਗੜ੍ਹ ਤੋਂ ਆਪਣੇ ਪੱਤਰ ਵਿੱਚ ਲਿਖਦੇ ਹਨ ਕਿ

ਸਨਮਾਨ ਦੇ ਯੋਗ, ਸ਼੍ਰੀਮਾਨ ਜੀ,

ਸਤਿ ਦੇਵ ਦੀ ਜੈ,

ਆਪਜੀ ਦੁਆਰਾ ਭੇਜੇ, ਹਿੱਤ-ਸਰੋਤ ਤੇ ਧਰਮਜੀਵਨ ਮੈਨੂੰ ਮਿਲ ਰਹੇ ਹਨ। ਇਨ੍ਹਾਂ ਨੂੰ ਪੜ੍ਹਕੇ ਮੇਰਾ ਘਰੇ ਬੈਠੇ ਹੀ ਭਲਾ ਹੋ ਰਿਹਾ ਹੈ। ਹੁਣ ਮੈਂ ਰਿਟਾਇਰ ਹੋ ਚੁੱਕਿਆ ਹਾਂ। ਪੜ੍ਹਨ ਦੇ ਲਈ ਸਮਾਂ ਵੀ ਕਾਫੀ ਮਿਲ ਜਾਂਦਾ ਹੈ। ਸਮਾਂ ਕੱਢ ਕੇ ਸਕੂਲਾਂ ਵਿੱਚ ਜਾਕੇ ਬੱਚਿਆਂ ਨੂੰ ਨੀਤੀ ਸਿਖਿਆ ਕਰਵਾਉਂਦਾ ਹਾਂ ਅਤੇ ਦੇਵ-ਸਮਾਜ ਦਾ ਪ੍ਰਚਾਰ ਕਰਦਾ ਹਾਂ। ਸ਼੍ਰੀਮਾਨ ਜੀ ਇਸ ਵਾਰ ਹਿੱਤ-ਸਰੋਤ ਵਿੱਚ ਆਪ ਜੀ ਨੇ ਜਿੰਨਾ ਉੱਚ ਧਰਮ ਸਬੰਧੀਆਂ ਦੇ ਬਾਰੇ ਵਿੱਚ ਲੇਖ ਲਿਖੇ ਹਨ, ਉਹ ਬਹੁਤ ਹੀ ਪ੍ਰੰਸ਼ਸਾ ਦੇ ਯੋਗ ਹਨ। ਆਪ ਜੀ ਉਨ੍ਹਾਂ ਦੇ ਸੰਪਰਕ ਵਿੱਚ ਰਹੇ ਅਤੇ ਉਨ੍ਹਾਂ ਦੀ ਸੇਵਾ ਕੀਤੀ ਅਤੇ ਲਾਭ ਉਠਾਈਆ। ਇਸ ਲਈ ਆਪ ਜੀ ਦੇ ਜੀਵਨ ਵਿੱਚ ਉਨ੍ਹਾਂ ਜੀਵਨੀਆਂ ਦੀ ਝਲਕ ਮਿਲਦੀ ਹੈ। ਮੈਂ ਵੀ ਸ਼੍ਰੀਮਾਨ ਅਮਰ ਸਿੰਘ ਜੀ ਨੂੰ ਛੱਡ ਕੇ ਬਾਕੀ ਸਬ ਦੇ ਦਰਸ਼ਨ ਕੀਤੇ ਹਨ। ਇਸ ਸਾਥੀ ਸੇਵਕਾਂ ਸੰਬੰਧੀ ਉਤਸਵ ਵਿੱਚ ਮੈਂ ਆਪ ਜੀ ਨੂੰ ਦਿਲੀ ਸਮਰਨ ਕਰਦਾ ਹਾਂ ਅਤੇ ਬਹੁਤ ਧੰਨਵਾਦੀ ਹੁੰਦਾ ਹਾਂ ਜੋ ਆਪ ਦੁਆਰਾ ਮੇਰਾ ਭਲਾ ਹੋਇਆ ਹੈ ਅਤੇ ਬਹੁਤ ਹੀ ਆਪ ਨੇ ਮੈਨੂੰ ਪਿਆਰ ਅਤੇ ਬਹੁਤ ਹੀ ਸਨਮਾਨ ਦਿੱਤਾ ਹੈ।

ਸਤਿ ਧਰਮ ਬੋਧ ਉਤਸਵ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੰਡੀਗੜ੍ਹ 18-ਡੀ ਧਰਮਸ਼ਾਲਾ ਵਿੱਚ ਅਗਸਤ ਦੀ ਥਾਂ 23 ਸਿਤੰਬਰ ਤੋਂ 25 ਸਿਤੰਬਰ ਤੱਕ ਸਤਿ ਧਰਮ ਬੋਧ ਉਤਸਵ ਰੱਖਿਆ ਗਿਆ। ਇਸ ਲਈ ਮਾਸਿਕ ਪਤ੍ਰਿਕਾਵਾਂ ਰਾਹੀਂ ਅਤੇ Invitation Cards ਭੇਜ ਕੇ ਸਾਥੀ ਸੇਵਿਕਾਂ ਨੂੰ ਸੂਚਿਤ ਕੀਤਾ ਗਿਆ। ਕੁਝ ਪੱਤਰ ਲਿੱਖੇ ਗਏ, ਫੋਨ ਕੀਤੇ ਗਏ। ਧਰਮਸ਼ਾਲਾ ਦੀ ਜ਼ਰੂਰੀ ਸਫਾਈ ਕਰਵਾਈ ਗਈ। ਦੋ ਆਦਮੀ ਰੱਖ ਕੇ ਲੰਗਰ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਸਭਾਂਵਾਂ ਸ਼੍ਰੀਮਾਨ ਬਲਦੇਵ ਸਿਘ ਜੀ, ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਅਤੇ ਡਾਕਟਰ ਵਿਨੋਦ ਜੀ ਖੇੜਾ ਨੇ ਕਰਵਾਈਆਂ। ਪੰਜਾਬ, ਹਰਿਆਨਾ, ਯੂ. ਪੀ., ਰਾਜਸਥਾਨ, ਦਿੱਲੀ ਆਦਿ ਤੋਂ ਯਾਤਰੀ 60 ਦੇ ਕਰੀਬ ਪਹੁੰਚੇ। ਮੇਰਠ, ਮੋਦੀਨਗਰ ਖਤੌਲੀ, ਡੱਬਵਾਲੀ, ਕੇਸੂਪੁਰਾ, ਮਲੇਕਾ, ਰਾਏਪੁਰ ਰਾਨੀ, ਅੰਬਾਲਾ, ਮੋਗਾ, ਸਮਰਾਲਾ, ਕਲਿਆਣ, ਗੋਨਿਆਣਾ ਮੰਡੀ, ਪਦਮਪੁਰ, ਗਜ ਸਿੰਘ ਪੁਰਾ, ਥਰਾਜਵਾਲ, ਮੁਹਾਲੀ, ਪੰਚਕੂਲਾ ਆਦਿ ਤੋਂ ਯਾਤਰੀ ਪੁੱਜੇ।

ਪ੍ਰਵੇਸ਼ ਸਭਾ:- 23-9-05 ਸ਼ਾਮ 5.30 ਵਜੇ

ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ:-

ਪਹਿਲਾ ਭਜਨ:- "ਬਿਨਾ ਤੁਮਰੇ ਮੇਰੇ ਸਤਿਗੁਰੂ, ਕਹਾਂ ਮੇਰਾ ਠਿਕਾਨਾ ਹੈ?" ਗਾਇਆ ਗਿਆ। ਅਰਚਨ, ਦੇਵ ਸਤੋਤਰ ਦੇ ਗਾਨ ਤੇ ਵਿਆਖਿਆ ਕਰਕੇ ਸਭਾਪਤੀ ਜੀ ਨੇ ਵਿਆਕੁਲਤਾ ਦੇ ਨਾਲ ਪ੍ਰਾਰਥਨਾ ਕੀਤੀ।

ਸਭਾਪਤੀ ਜੀ ਨੇ ਦੱਸਿਆ ਕਿ ਜੋ ਪੁਰਾਣੇ ਧਰਮਾਂ ਵਿੱਚ ਦੱਸਆ ਹੈ ਕਿ ਬ੍ਰਹਮ ਸਤਿ ਹੈ, ਬਾਕੀ ਸਭ ਮਿੱਥਿਆ ਹੈ, ਇਹ ਗੱਲ ਸੱਚ ਨਹੀਂ, ਉਲਟਾ ਸੰਸਾਰ ਸਤਿ ਹੈ, ਬ੍ਰਹਮ ਮਿੱਥਿਆ ਹੈ, ਸੱਚ ਹੈ।

ਸਤਿਧਰਮ ਉਹੀ ਹੈ ਜੋ ਮੇਰੇ ਜੀਵਨ ਨਾਲ ਸੰਬੰਧ ਰੱਖਦਾ ਹੋਵੇ, ਉਸਦਾ ਭਲਾ ਕਰਦਾ ਹੋਵੇ। ਕੋਈ 84 ਲੱਖ ਜੂਨੀਆਂ ਨਹੀਂ। ਮਨੁੱਖ ਦੀ ਜੀਵਨੀ ਸ਼ਕਤੀ ਹੀ ਮਨੁੱਖ ਦਾ ਸਰੂਪ ਬਣਾ ਸਕਦੀ ਹੈ। ਕੋਈ ਪੁਨਰ ਜਨਮ ਮੁਮਕਿਨ ਨਹੀਂ। ਦੇਵ ਆਤਮਾ ਨੇ ਵਿਗਿਆਨ ਮੂਲਕ ਗਿਆਨ ਦਿੱਤਾ ਹੈ। ਨਸ਼ਿਆਂ ਤੋਂ, ਬੁਰਾਈਆਂ ਤੋਂ ਮੁਕਤੀ ਹੀ ਸੱਚੀ ਮੁਕਤੀ ਹੈ। ਜੂਨੀਆਂ ਵਿਚੋਂ ਮੁਕਤੀ ਮਿੱਥਿਆ ਹੈ। ਦੇਵ ਧਰਮ ਬੁਰਾਈਆਂ ਤੋਂ ਮੁਕਤੀ ਪ੍ਰਦਾਨ ਕਰਦਾ ਹੈ। ਨੀਚ ਗਤੀ ਜਾਂ ਉੱਚ ਗਤੀ ਕੀ ਹੁੰਦੀ ਹੈ? ਆਪਣੇ ਆਪ ਨੂੰ ਜਾਂ ਕਿਸੇ ਹੋਰ ਅਸਤਿਤਵ ਨੂੰ, ਜਿੰਦਾ ਨੂੰ ਜਾਂ ਬੇਜਾਨ ਨੂੰ ਪਹਿਲਾਂ ਤੋਂ ਬੇਹਤਰ ਬਣਾ ਦੇਣਾ, ਪੁਨ੍ਹ ਜਾਂ ਉੱਚ ਕੰਮ ਹੈ, ਬਿਗਾੜ ਦੇਣਾ ਪਾਪ ਹੈ। ਆਤਮਾ ਨਿਰਲੇਪ ਨਹੀਂ। ਡਾਕੂ, ਬਦਚਲਨ ਦੀ ਆਤਮਾ ਬਰਬਾਦ ਹੁੰਦੀ ਹੈ। ਦੇਵ ਧਰਮ ਸਾਈਂਸ ਦਾ ਸਵਾਗਤ ਕਰਦਾ ਹੈ, ਕਹਿੰਦਾ ਹੈ ਕਿ ਮੇਰੇ ਗਿਆਨ ਨੂੰ ਪਰਖੋ। ਇਸ ਲਈ ਹੀ ਇਹ ਸਤਿ ਧਰਮ ਹੈ। ਸਤਿ ਦੀਆਂ ਕਸੌਟੀਆਂ ਤੇ ਪਰਖਿਆ ਹੋਇਆ ਗਿਆਨ ਹੀ ਸਤਿ ਧਰਮ ਦਾ ਗਿਆਨ ਹੈ। ਦੇਵਆਤਮਾ ਝੂੱਠੇ ਲਾਰੇ ਨਹੀਂ ਲਾਉਂਦੇ। ਦਿਲ ਖੁਸ਼ੀ ਨਾਲ ਝੂਮ ਉਠਦੇ ਹਨ। ਮੈਨੂੰ ਨਸ਼ਿਆਂ ਤੋਂ ਨਿਜਾਤ ਮਿਲੀ ਹੈ। ਮੌਤ ਤੋਂ ਨਿਜਾਤ ਮਿਲੀ ਹੈ। ਅਪਵਿਤਰਤਾ ਤੋਂ ਬਚਾਇਆ ਗਿਆ ਹੈ। ਲੜਕੀਆਂ ਨੂੰ ਆਪਣੀਆਂ ਬੱਚੀਆਂ ਸਮਝਕੇ ਪੜ੍ਹਾਇਆ। ਦਿਲ ਦੀ ਮੈਲ ਧੋਣ ਦਾ ਸੱਚਾ ਸਾਧਨ ਦੱਸਿਆ। ਜੀਵਨ ਦੀ ਸਫਲਤਾ ਇਸੇ ਧਰਮ ਵਿੱਚ ਹੈ। ਇਥੋਂ ਲਾਭ ਉਠਾਉਣ ਲਈ ਸਭਾਂਵਾਂ ਵਿੱਚ ਸਮੇਂ ਸਿਰ ਆਉ, ਏਕਾਕਾਰੀ ਵਿੱਚ ਆਓ, ਨਿੰਦਿਆ ਚੁਗਲੀ ਤੋਂ ਬਚੋ, ਗੁਣ ਚਿੰਤਨ ਤੇ ਉਪਕਾਰ ਸਿਮਰਣ ਕਰੋ। ਸਵਾਰਥ ਘਟਾਉ, ਸੇਵਾ ਕਰੋ, ਪ੍ਰਾਰਥਨਾਸ਼ੀਲ ਤੇ ਨਮਰ ਬਣੋਂ। ਸਾਧਨ ਅਤੇ ਪਾਠ ਕਰੋ। ਇਸ ਸਭਾ ਵਿੱਚ ਚੰਗੀ ਹਾਜਰੀ ਸੀ। ਸਾਰਾ ਹਾਲ ਭਰਿਆ ਹੋਇਆ ਸੀ। ਬਹੁਤ ਚੰਗਾ ਉਤਸਵ ਦਾ ਆਰੰਭ ਹੋਇਆ। ਜੈ ਧਵਨੀ ਨਾਲ ਸਭਾ ਦੀ ਸਮਾਪਤੀ ਹੋਈ।

24-9-05 ਸਵੇਰੇ 8.00 ਵਜੇ

ਵਿਸ਼ਾ:- ਆਤਮ ਅਬੋਧਤਾ ਦੀਆਂ ਹਾਨੀਆਂ ਤੇ ਆਤਮਾ ਦੇ ਬੋਧ ਦੇ ਲਾਭ:-

ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ।

ਭਜਨ :- ਮੁਝ ਕੋ ਮੇਰਾ ਬੋਧ ਕਰਓ।

ਇਨਸਾਨ ਦਾ ਵਿਕਾਸ ਪਸ਼ੂਆਂ ਤੋਂ ਹੋਇਆ ਹੈ। ਇਸ ਦੀ ਬੁੱਧੀ ਸ਼ੁਰੂਆਤ ਵਿਚ ਪਸ਼ੂਆਂ ਵਰਗੀ ਹੀ ਸੀ ਲੱਗਭੱਗ, ਪਰ ਸੀ ਵਿਕਾਸਸ਼ੀਲ। ਬਹੁਤ ਸਮੇਂ ਦੇ ਵਿਕਾਸ ਤੋਂ, ਪੱਥਰ-ਯੁਗ, ਫਿਰ ਧਾਤ-ਯੁਗ, ਫਿਰ ਭਾਫ-ਸ਼ਕਤੀ ਦਾ ਯੁਗ ਆਇਆ। ਸਮਾਜਿਕ ਵਿਕਾਸ ਨਾਲ ਸਮਾਜਿਕ ਸੰਸਥਾਵਾਂ ਪੈਦਾ ਹੋ ਗਈਆਂ। ਫਿਰ ਬਹੁਤ ਸਮੇਂ ਵਿਚ ਡਰ ਅਤੇ ਲਾਲਚ ਤੋਂ ਪਰਿਚਾਲਤ ਹੋ ਕੇ ਦੇਵੀ ਦੇਵਤੇ, ਪੂਜਾ, ਧਰਮ ਹੋਂਦ ਵਿੱਚ ਆ ਗਏ। ਕਰੋੜਾਂ ਸਾਲਾਂ ਤੋਂ ਬਾਅਦ (ਸ਼ਾਇਦ ਅਰਬਾਂ ਖਰਬਾਂ ਸਾਲਾਂ ਦੇ ਵਿਕਾਸ) ਧਰਮ ਸੰਸਥਾਵਾਂ ਦੇ ਵਿਕਾਸ ਦੇ ਬਾਵਜੂਦ ਸੰਸਾਰ ਨਰਕ ਦਾ ਨਮੂਨਾ ਬਣਿਆ ਹੋਇਆ ਹੈ। ਖਤੌਲੀ ਦੇ ਇਕ ਸਾਥੀ ਦਾ ਦੁਖਦਾਈ ਦ੍ਰਿਸ਼ ਪੇਸ਼ ਕੀਤਾ। ਸ਼੍ਰੀ ਮਤੀ ਭਰਪੂਰ ਕੌਰ, ਸ਼੍ਰੀਮਾਨ ਅਵਤਾਰ ਸਿੰਘ ਜੀ ਦੁਖਦਾਈ ਕਹਾਣੀ ਦਾ ਸੰਕੇਤ ਕੀਤਾ। ਸਾਰੀ ਦੁਨੀਆਂ ਵਿਚ ਅਜਿਹੇ ਦੁਖਾਂ ਦੀ ਭਰਮਾਰ ਹੈ। ਨੇਚਰ ਨੇ ਦੇਵ-ਆਤਮਾ ਨੂੰ ਪੈਦਾ ਕਰਕੇ ਅਜਿਹੇ ਕੁੰਭੀ ਨਰਕ ਤੋਂ ਬਚਣ ਦਾ ਪ੍ਰਬੰਧ ਕੀਤਾ ਹੈ। ਇਸ ਸਭਾ ਦਾ ਵਿਸ਼ਾ ਇੰਨਾਂ ਉੱਚਾ ਹੈ ਕਿ ਸਾਰੀ ਉਮਰ ਵਿਚ ਥੋੜਾ-ਥੋੜਾ ਸਮਝ ਆਇਆ ਹੈ। ਬੋਧ ਦਿਖਾਈ ਦੇਣ ਦਾ ਨਾਂ ਹੈ। ਸਮਝ ਔਣਾ, ਮਹਿਸੂਸ ਹੋਣਾ। ਇਹ ਇਕ ਅੱਖ ਹੈ। ਸ਼ਕਤੀ ਦਾ ਦੇਖਣਾ ਮੁਸ਼ਕਲ ਹੈ, ਪਦਾਰਥ ਦਾ ਵੇਖਣਾ ਆਸਾਨ ਹੈ। ਸ਼ਕਤੀ ਤੋਂ ਅੱਗੇ ਜੀਵਨੀ ਸ਼ਕਤੀ ਦਾ ਵੇਖਣਾ ਹੋਰ ਵੀ ਮੁਸ਼ਕਲ ਹੈ। ਮਨੁੱਖ ਦੀ ਜੀਵਨੀ ਸ਼ਕਤੀ ਦਾ ਦੇਖਣਾ ਹੋਰ ਵੀ ਮੁਸ਼ਕਲ ਹੈ। ਸਾਰੇ ਧਰਮਾਂ ਵਿਚ ਕਿਸੇ ਨੇ ਆਤਮਾ ਦਾ ਗਿਆਨ ਨਹੀਂ ਦਿੱਤਾ। ਸ਼ਕਤੀ ਤੱਤ ਦੀ ਅੰਧਤਾ ਦੇ ਕਾਰਨ ਹੀ ਆਤਮ ਅੰਧਤਾ ਹੈ। ਧਨੀ ਵਿਦਵਾਨ ਤੇ ਅਧਿਪਤੀ ਹੋ ਕੇ ਵੀ ਆਤਮ ਅੰਧਤਾ ਦੇ ਲਿਹਾਜ ਨਾਲ ਲੱਗਭੱਗ ਮਨੁੱਖ ਪਸ਼ੂ ਪੱਧਰ ਤੇ ਹੀ ਹੈ। ਆਤਮਾ ਜੋਤੀ ਸਰੂਪ ਨਹੀਂ, ਬ੍ਰਹਮ ਦਾ ਅੰਸ਼ ਨਹੀਂ Divinity ਦਾ ਸ਼ੋਅਲਾ ਨਹੀਂ ਹੈ। ਦੇਵਆਤਮਾ ਫਰਮਾਉਂਦੇ ਹਨ, ਆਤਮਾ ਪੁੱਤਰ, ਧਨ..... ਹੋਰ ਸਭ ਤੋਂ ਜ਼ਿਆਦਾ ਪਿਆਰੀ ਹੈ। ਇਸ ਤੋਂ ਅਸੀਂ ਅਬੋਧੀ ਹਾਂ। ਫਸਲਾਂ ਦਾ ਮੁਰਝਾਉਣਾ ਤੇ ਲਹਿਲਹਾਣਾ ਤਾਂ ਕੁਝ ਲੋਕਾਂ ਨੂੰ ਨਜ਼ਰ ਆ ਜਾਂਦਾ ਹੈ ਪਰ ਆਤਮਾ ਦਾ ਮੁਰਝਾਉਣਾ ਤੇ ਲਹਿਲਹਾਉਣਾ ਨਜ਼ਰ ਨਹੀਂ ਆਉਂਦਾ ਆਤਮਾ ਅਬੋਧਤਾ ਦੇ ਕਾਰਨ। ਆਤਮ ਬੋਧ ਵਿਚ ਤਿੰਨ ਸਚਾਈਆਂ ਨਜ਼ਰ ਆਉਣ ਲੱਗ ਜਾਂਦੀਆਂ ਹਨ :-

1. ਆਤਮਾ ਸ਼ਕਤੀ ਮਈ ਹੈ.... ਇਨ੍ਹਾਂ ਸ਼ਕਤੀਆਂ ਦੀ ਸਮਝ ਆਕੇ ਮਹਿਸੂਸ ਹੋ ਜਾਏ। ਸ਼ਕਤੀਆਂ ਨਜ਼ਰ ਆਉਣ।

2. ਸ਼ਕਤੀਆਂ ਤੋਂ ਜੋ ਕਰਮ ਹੁੰਦੇ ਹਨ , ਗਤੀਆਂ ਹੁੰਦੀਆ ਹਨ, ਉਹ ਨਜ਼ਰ ਆਉਣ।

3. ਗਤੀਆਂ ਦਾ ਅੰਜਾਮ ਕੀ ਹੈ? ਇਹ ਤੀਸਰੀ ਸਚਾਈ ਹੈ। ਇਨ੍ਹਾਂ ਤਿੰਨਾਂ ਸਚਾਈਆਂ ਦਾ ਹਾਰਦਿਕ ਅਹਿਸਾਸ ਹਾਰਦਿਕ ਸਮਝ ਹੀ ਆਤਮ ਬੋਧ ਹੈ। ਇਹੋ ਧਰਮ ਹੈ। ਨਸ਼ੇ ਨੂੰ ਪਿਆਰ ਕਰਨਾ ਆਤਮ ਅੰਧਤਾ ਹੈ। ਮੌਤ ਨੂੰ ਪਿਆਰ ਕਰਨਾ ਹੈ, ਆਤਮ-ਘਾਤ ਕਰਨ ਦਾ ਰਸਤਾ ਹੈ। ਕਾਮ ਅਨੁਰਾਗ ਦੀ ਦਾਸਤਾ ਵੀ ਇਹੋ ਕੁਝ ਹੈ। ਨੀਚ ਸੁਖ ਮੌਤ ਦੇ ਵਰੰਟ ਹਨ। ਧਨ ਦਾ ਪਿਆਰ ਵੀ ਇਸ ਤਰ੍ਹਾਂ ਹੀ ਮੌਤ ਦੇ ਵਰੰਟ ਹਨ। ਸ: ਗੱਜਣ ਸਿੰਘ ਜੀ ਆਪਣੀ ਧਨ ਦੀ ਕਮਾਈ ਤੇ ਪਛਤਾ ਰਿਹਾ ਸੀ। "ਮੈਂ ਆਪਣੇ ਪੁੱਤ, ਧਨ ਬਣਾਕੇ ਬਰਬਾਦ ਕੀਤੇ ਹਨ।" ਧਨ ਅਨੁਰਾਗ ਪਾਗਲਪਨ ਹੈ। ਧਨ ਅਨੁਰਾਗੀ ਪ੍ਰਲੋਕ ਨਹੀਂ ਜਾਂਦਾ। ਅਧਮ ਲੋਕ ਵਿਚ ਸੜ-ਸੜ ਕੇ ਮਰ ਜਾਂਦਾ ਹੈ। ਇਹ ਨੀਚ ਅਨੁਰਾਗ ਇਨਸਾਨ ਨੂੰ ਇਸ ਤਰ੍ਹਾਂ ਬਰਬਾਦ ਕਰਦੇ ਹਨ ਜਿਵੇਂ ਕਿ ਬਾਂਦਰ, ਸੱਪ ਨੂੰ ਗਲ ਤੋਂ ਫੜ ਕੇ ਪੱਕੀ ਥਾਂ ਤੇ ਉਸ ਦਾ ਮੂੰਹ ਘਸਾਉਂਦਾ ਹੈ, ਘਸਾ ਘਸਾ ਕੇ ਉਸ ਦੀਆਂ ਅੱਖਾਂ, ਦੰਦ, ਮੂੰਹ ਸਿਰ ਸਭ ਘਸਾ ਕੇ ਪਰ੍ਹੇ ਵਗਾਹ ਮਾਰਦਾ ਹੈ। ਆਤਮ ਬੋਧ, ਆਤਮ ਹਾਨੀ ਦਾ ਬੋਧ, ਪਤਨ ਦਾ ਬੋਧ, ਪਰਿਵਰਤਨ ਦਾ ਬੋਧ ਹੀ ਆਤਮ ਬੋਧ ਹੈ। ਸੁਆਰਥ ਦਾ ਵਧਣਾ-ਘਟਨਾ ਵੀ ਨਜ਼ਰ ਆਉਣ ਲਗਦਾ ਹੈ ਅਤੇ ਉਸਦੀ ਉਪਲਬਧੀ ਹੋ ਜਾਂਦੀ ਹੈ। ਈਮਾਨਦਾਰੀ ਦਾ ਵਧਣਾ-ਘਟਨਾ ਪਵਿਤਰਤਾ ਦਾ ਵਧਨਾ-ਘਟਨਾ ਆਤਮ ਬੋਧ ਦੁਆਰਾ ਨਜ਼ਰ ਆਉਂਦਾ ਹੈ। ਘਮੰਡ ਦਾ ਵਧਣਾ-ਘਟਣਾ ਵੀ ਨਜ਼ਰ ਆਉਂਦਾ ਹੈ। ਜੋ ਹੰਕਾਰ ਦਾ ਬੋਧੀ ਹੋ ਜਾਵੇ ਉਸ ਦਾ ਆਤਮ ਬੋਧੀ ਹੋਣਾ ਜ਼ਰੂਰੀ ਹੈ। ਆਪਣੀ ਹਾਨੀ ਦਾ ਬੋਧ ਤੇ ਹੋਰਾਂ ਦੀ ਹਾਨੀ ਦਾ ਬੋਧ ਹੋ ਜਾਂਦਾ ਹੈ।

ਆਤਮ ਅਬੋਧੀ ਦੇ ਦੁਖ ਵਧ ਜਾਂਦੇ ਹਨ। ਦੁਖਾਂ ਦਾ ਕਾਰਨ ਨਜ਼ਰ ਨਹੀਂ ਆਉਂਦਾ, ਝੂਠ ਬੋਲਣਾ ਵਧ ਜਾਂਦਾ ਹੈ। ਆਪਣੇ ਖਿਲਾਫ ਸੁਣ ਨਹੀ ਸਕਦਾ। ਦੇਵ ਪ੍ਰਭਾਵਾਂ ਦੇ ਮਿਲਣ, ਨਾ ਮਿਲਣ ਦਾ ਬੋਧ ਨਹੀਂ ਹੁੰਦਾ। ਮੌਤ ਦਾ ਦੁਆਰ ਖੁਲ੍ਹਦਾ ਜਾਂਦਾ ਹੈ, ਪਾਪ ਬੋਧ ਨਹੀਂ ਹੁੰਦਾ। ਨੀਚ ਜੀਵਨ ਦੇ ਖਰਾਬ, ਬੁਰੇ ਤੇ ਦੁਖਦਾਈ ਹਾਨੀਕਾਰਕ ਹੋਣ ਦਾ ਗਹਿਰਾ ਅਹਿਸਾਸ ਪਾਪ ਬੋਧ ਕਹਿਲਾਉਂਦਾ ਹੈ। ਇਹ ਬੋਧ ਦੇਵ-ਜੋਤੀ ਦੁਆਰਾ ਹੀ ਹੋ ਸਕਦਾ ਹੈ। ਹਾਨੀ ਬੋਧ ਤੋਂ ਦੋ ਭਾਵਨਾਵਾਂ ਪੈਦਾ ਹੁੰਦੀਆਂ ਹਨ, ਖ਼ੌਫ ਪੈਦਾ ਹੋਵੇਗਾ, ਦੁਖ ਅਤੇ ਪੀੜਾ ਪੈਦਾ ਹੋਵੇ ਗੀ। ਸ਼੍ਰੀਮਾਨ ਕੁਲਦੀਪ ਜੀ ਕਲਿਆਣ ਵਾਲੇ ਦੀ (ਮੀਟ ਬਾਰੇ) ਸ਼੍ਰੀਮਾਨ ਸੰਤ ਰਾਮ ਗੋਨਿਆਣਾ ਦੀ (ਸ਼ਰਾਬ ਬਾਰੇ) ਸ਼੍ਰੀਮਾਨ ਗੁਰਮੇਲ ਸਿੰਘ ਜੀ ਕੁਹਾਰਵਾਲਾ ਦੀ (ਘਰ ਮੀਟ ਬਣਾਉਣ ਬਾਰੇ) ਘ੍ਰਿਣਾ ਦੀਆਂ ਘਟਨਾਵਾਂ ਦੱਸੀਆਂ ਗਈਆਂ। ਪਾਪ ਬੋਧ ਦੀਆਂ ਘਟਨਾਵਾਂ ਪੇਸ਼ ਕੀਤੀਆਂ ।

ਸਭ ਸੇ ਬੜ ਕਰ ਵੋ ਸਬੰਧੀ ਉੱਚ ਜੀਵਨ ਜੋ ਦੇਵੇ ਦਾਨ।

ਆਤਮ ਬੋਧ ਦੇ ਲਾਭ:-

1. ਜੀਵਨ ਸਫਲ ਹੋ ਜਾਂਦਾ ਹੈ।
2. ਸੱਚੇ ਲਕਸ਼ ਦਾ ਗਿਆਨ ਤੇ ਬੋਧ ਹੋ ਜਾਂਦਾ ਹੈ।
3. ਮਿਥਿਆ ਲਕਸ਼ ਤੋਂ ਬਚ ਜਾਂਦਾ ਹੈ।
4. ਆਤਮਾ ਦਾ ਰੂਪ ਨਜ਼ਰ ਆ ਜਾਂਦਾ ਹੈ
5. ਨੀਚ ਗਤੀਆਂ ਤੋਂ ਖੌਫ਼ ਤੇ ਪੀੜਾ ਮਹਿਸੂਸ ਹੋਣ ਲੱਗ ਜਾਂਦੀ ਹੈ।
6. ਨੀਚ ਸ਼ਕਤੀਆਂ ਦਾ ਦਾਸ ਨਹੀਂ ਰਹਿੰਦਾ।
7. ਆਪਣੇ ਲਈ ਤੇ ਹੋਰਾਂ ਲਈ ਹਿਤਕਰ ਵਜੂਦ ਬਣ ਜਾਂਦਾ ਹੈ। ਹਾਨੀਕਾਰਕ ਵਜੂਦ ਨਹੀਂ ਰਹਿੰਦਾ।
8. ਉੱਚ ਭਾਵਾਂ ਦੇ ਹਿਤਕਰ ਰੂਪ ਦੀ ਹਾਰਦਿਕ ਉੱਪਲਬਧੀ ਹੋ ਜਾਂਦੀ ਹੈ।

24-9-05 ਸਵੇਰੇ 10.00 ਵਜੇ

ਸਭਾਪਤੀ ਜੀ- ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਸਭਾਪਤੀ ਜੀ ਨੇ ਤਿੰਨ ਕੀਮਤੀ ਵਾਕ ਦੱਸੇ "I love my enemy", "ਨੇਕੀ ਕਰ ਦਰਯਾ ਮੇਂ ਡਾਲ" । "ਹੱਕ ਪਰਾਇਆ ਨਾਨਕਾ ਉਸ ਗਾਏ ਉਸ ਸੂਰ" ਏਨ੍ਹਾਂ ਸਚਾਈਆਂ ਦਾ ਅਹਿਸਾਸ ਬਹੁਤ ਮੁਸ਼ਕਲ ਹੈ। ਇਹ ਸਾਤਵਿਕ ਜੀਵਨ ਦੇ ਸੁਨਹਿਰੀ ਵਚਨ ਹਨ। ਇਹ ਸਾਡੀ ਸਮਝ ਤੋਂ ਬੋਧਾ ਤੋਂ ਉੱਚੀ ਚੀਜ ਹੈ। ਆਦੇਸ਼ਾ ਦਾ ਪਾਠ ਕਰਕੇ ਸਮਝਾਉਣ ਦਾ ਯਤਨ ਕੀਤਾ। ਆਤਮਾ ਮੁੱਖ ਹੈ ਕਿਉਂਕਿ ਉਹੀ ਸਰੀਰ ਦਾ ਨਿਰਮਾਣ ਕਰਤਾ ਹੈ। ਆਤਮਾ ਦੇ ਸੰਬੰਧ ਵਿੱਚ ਗਿਆਨ ਪਾਉਣ ਦੀ ਅਕਾਂਕਸ਼ਾ ਤੇ ਜੋਰ ਦਿੱਤਾ। ਮਨੁੱਖ ਦਾ ਆਤਮਾ ਸਾਰੇ ਵਿਸ਼ਵ ਦਾ ਅੰਗ ਹੈ। ਸਾਰੇ ਵਿਭਾਗਾਂ ਨਾਲ ਜੁੜਿਆ ਹੋਇਆ ਹੈ। ਅੰਗ ਹੋਣ ਦਾ ਮਤਲਬ ਏਹੀ ਹੈ ਕਿ ਸਾਡਾ ਅਸਤਿਤਵ ਹੋਰ ਵਿਭਾਗਾਂ ਬਿਨਾਂ ਕੁਝ ਭੀ ਨਹੀਂ। ਇਨਸਾਨ ਦਾ ਜਨਮ ਮਨੁੱਖਾਂ ਤੋਂ ਹੁੰਦਾ ਹੈ ਅਤੇ ਉਹਨਾਂ ਵਿੱਚ ਹੀ ਉਹ ਪ੍ਰਤਿਪਾਲਿਤ ਹੁੰਦਾ ਹੈ। ਮਨੁੱਖ ਦਾ ਮੁੱਖ ਲਕਸ਼ ਹਰੇਕ ਨੀਚ ਗਤੀ ਤੋਂ ਮੋਕਸ਼ ਪ੍ਰਾਪਤ ਕਰਨਾ ਹੈ ਅਤੇ ਹਰੇਕ ਉੱਚ ਗਤੀ ਨੂੰ ਗ੍ਰਹਿਣ ਕਰਨਾ ਹੈ। ਉੱਚ ਭਾਵ ਪੈਦਾ ਕਰਨਾ ਹੈ। ਉੱਚ ਜਨਾਂ ਦੀ ਸੰਗਤ ਬਿਨਾਂ ਅਤੇ ਸ਼ਰਧਾ ਬਿਨਾਂ, ਉਪਕਾਰੀਆਂ ਦੀ ਗੱਲ ਸਮਝ ਨਹੀਂ ਆ ਸਕਦੀ। ਸਚਾਈ ਅਤੇ ਸ਼ੁਭ ਦੇ ਪ੍ਰਤੀ ਸ਼ਰਧਾ ਪੈਦਾ ਹੋਣ ਦੀ ਲੋੜ ਹੈ ਇਸ ਨਾਲ ਜੀਵਨ ਦੀਆਂ ਸਚਾਈਆਂ ਨਜ਼ਰ ਆਉਂਦੀਆਂ ਹਨ।

24-9-05 ਸ਼ਾਮ 5.00 ਬਜੇ

ਸਭਾਪਤੀ ਜੀ ਡਾਕਟਰ ਵਿਨੋਦ ਜੀ ਖੇੜਾ ਵਿਸ਼ੇ:- ਭਗਵਾਨ ਦੇਵਆਤਮਾ ਦਾ ਅਦੁੱਤੀ ਕਾਰਜ। ਸਭਾਪਤੀ ਜੀ ਨੇ ਦੱਸਿਆ ਕਿ ਭਗਵਾਨ ਦੇਵਆਤਮਾ ਦਾ ਕਾਰਜ ਜਿਨ੍ਹਾਂ ਮਹਾਨ ਹੈ, ਐਪਰ ਅਸੀਂ ਅਯੋਗ ਹਾਂ। ਅਸੀਂ ਸਾਰੇ ਭੈਣ ਭਾਈ ਪੀ. ਐਚ. ਡੀ. ਹਾਂ। ਸਾਡੀ ਪੜ੍ਹਾਈ ਵਿੱਚ ਭਗਵਾਨ ਦੇਵਆਤਮਾ ਦਾ ਬਹੁਤ ਵੱਡਾ ਹੱਥ ਹੈ। ਭਗਵਾਨ ਦੇਵਆਤਮਾ ਦੇ ਪ੍ਰਭਾਵਾਂ ਦਾ ਕਾਰਜ ਸਾਰੇ ਵਿਸ਼ਵ ਲਈ ਹੈ। ਸਾਰੇ ਵਿਸ਼ਵ ਵਿੱਚ ਮਿੱਥਿਆ ਦੇ ਪ੍ਰਤੀ ਜਾਗ੍ਰਤੀ ਫੈਲ ਰਹੀ ਹੈ। ਅਗਰ ਭਗਵਾਨ ਦੇਵਆਤਮਾ ਦੇ ਪ੍ਰਭਾਵ ਮਿਲਦੇ ਰਹੇ ਤਾਂ ਇਨਸਾਨ ਕੋਈ ਵੀ ਕੰਮ ਕਰੇ, ਉਸਦੀ ਦੁਨੀਆਂ ਕੁਝ ਹੋਰ ਹੀ ਹੋ ਜਾਂਦੀ ਹੈ। ਭਗਵਾਨ ਦੇ ਵਆਤਮਾ ਦੇ ਪ੍ਰਭਾਵਾਂ ਨੇ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਵਿੱਚ ਹੈਰਾਨ ਕਰਨ ਵਾਲਾ ਪਰਿਵਰਤਨ ਲਿਆਂਦਾ

ਹੈ। ਸ਼ਰਧੇ ਸ਼੍ਰੀਮਾਨ ਜਮੀਅਤ ਸਿੰਘ ਦੇ ਜੀਵਨ ਚਰਿਤ੍ਰ ਵਿਚੋਂ ਸ਼ੁਰੂ ਦੇ ਦਿਨਾਂ ਦੇ ਜੀਵਨ ਦਾ ਪਾਠ ਕੀਤਾ। ਸ਼੍ਰੀਮਾਨ ਸਵਾਮੀ ਗੋਬਿੰਦ ਰਾਮ ਜੀ ਦੇ ਜੀਵਨ ਦਾ ਜਿਕਰ ਕੀਤਾ। ਉਹਨਾਂ ਦੇ ਜੀਵਨ ਵਿੱਚ ਕਾਮ ਵਾਸਨਾ ਸੰਬੰਧੀ ਕਮਾਲ ਦਾ ਪਰਿਵਰਤਨ ਆਇਆ ਸੀ। ਲਹੌਰ ਵਿਚ ਪੂਜਨੀ ਭਗਵਾਨ ਦਾ ਇੱਕ ਉਪਦੇਸ਼ ਸੁਣਕੇ ਹੀ ਉਨ੍ਹਾਂ ਦੀ ਕਾਯਾ ਕਲਪ ਹੋ ਗਈ, ਉਹ ਗੁਰੂ ਮਹਾਰਾਜ ਦੇ ਮਿਸ਼ਨ ਲਈ ਪੂਰਨ ਰੂਪ ਨਾਲ ਸਮਰਪਿਤ ਹੋ ਗਏ। ਰਾਏਪੁਰ ਰਾਣੀ ਅਤੇ ਅੰਬਾਲਾ ਦਾ ਪ੍ਰਚਾਰ ਖੇਤਰ ਸਥਾਪਨ ਕੀਤਾ। ਕਿਨ੍ਹੇ ਮੰਦਿਰ ਅਤੇ ਸਕੂਲ ਅਤੇ ਬਹੁਤ ਵੱਡਾ ਹਰੀਜਨ ਸੁਧਾਰ ਦਾ ਕੰਮ ਕੀਤਾ। ਉਨ੍ਹਾਂ ਦਾ ਜੀਵਨ ਦੇਵ ਪ੍ਰਭਾਂਵਾਂ ਦੀ ਸੱਚੀ ਕਰਾਮਾਤ ਸੀ।

ਬਾਅਦ ਵਿੱਚ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਦੇਵਆਤਮਾ ਦੇ ਅਦੁੱਤੀ ਦੇਵ ਜੀਵਨ ਤੇ ਪ੍ਰਕਾਸ਼ ਪਾਇਆ। ਉਸ ਲਾਸਾਨੀ ਜੀਵਨ ਵਿਚੋਂ ਨਿਕਲਣ ਵਾਲੇ ਪ੍ਰਭਾਵਾਂ, ਰੋਸ਼ਨੀ ਅਤੇ ਤੇਜ ਦੇ ਬਾਰੇ ਹਾਜਰੀਨ ਨੂੰ ਸਮਝਾਇਆ ਅਤੇ ਉਨ੍ਹਾਂ ਪ੍ਰਭਾਵਾਂ ਦੀ ਮਹਿਮਾ ਬਿਆਨ ਕੀਤੀ ਅਤੇ ਇਨਸਾਨੀਅਤ ਲਈ ਗੁਰੂ ਮਹਾਰਾਜ ਦੀ ਅਤਿਅੰਤ ਜ਼ਰੂਰਤ ਦਾ ਬਿਆਨ ਕੀਤਾ।

ਸ਼੍ਰੀ ਵਿਜੇ ਕੁਮਾਰ ਜੀ ਅਗਨੀਹੋਤਰੀ:

ਭਗਵਾਨ ਦੇਵਆਤਮਾ ਨੇ ਪਿਤਾ ਜੀ ਨੂੰ ਕਹਿਕੇ ਸਾਨੂੰ ਦੇਵ ਸਮਾਜ ਸਕੂਲ ਵਿੱਚ ਪੜ੍ਹਨ ਲਗਾ ਦਿੱਤਾ, ਜਦੋਂ ਕਿ ਪਹਿਲਾਂ ਅਸੀਂ English School ਵਿੱਚ ਪੜ੍ਹਦੇ ਸੀ। (ਰੋ ਰੋ ਕੇ) ਗੁਰੂ ਮਹਾਰਾਜ ਨੇ ਕਿਸ ਪ੍ਰਕਾਰ ਸਾਡੇ ਪਰਿਵਾਰ ਦੀ ਸਹਾਇਤਾ ਕੀਤੀ। ਪਿਤਾ ਜੀ ਦੇ ਸਵਰਗਵਾਸ ਤੋਂ ਬਾਅਦ ਗੁਰੂ ਮਹਾਰਾਜ ਨੇ ਮੇਰੀ ਮਾਤਾ ਜੀ ਨੂੰ ਕਿਹਾ ਕਿ ਬੇਸ਼ਕ ਮੈਂ ਤੁਹਾਡੀ ਸਹਾਇਤਾ ਕਰ ਸਕਦਾ ਹਾਂ, ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਪੈਰਾਂ ਤੇ ਖੜੇ ਹੋਕੇ ਇੱਕ ਅਨੋਖੀ ਮਿਸਾਲ ਕਾਇਮ ਕਰੋ। ਭਗਵਾਨ ਦੇਵਆਤਮਾ ਦੇ ਪ੍ਰਭਾਵਾਂ ਕਾਰਨ ਹੀ ਮੈਂ ਪੜ੍ਹ -ਲਿੱਖ ਸਕਿਆ। ਉਹਨਾਂ ਦੇ ਚਰਨਾਂ ਵਿੱਚ ਰਹਿਕੇ Courage ਮਿਲਿਆ। ਨੌਕਰੀ ਵਿੱਚ ਬਹੁਤ ਚੰਗੀ ਪੋਜ਼ੀਸ਼ਨ ਰਹੀ। ਉਹਨਾਂ ਦੇ ਇੱਕ ਇੱਕ ਲੈਕਚਰ ਨਾਲ ਲੋਕੀਂ ਪ੍ਰਭਾਵਿਤ ਹੋ ਜਾਂਦੇ ਸੀ। ਲਾਲਾ ਲਾਜਪਤਰਾਏ ਜੀ ਦੀ ਘਟਨਾ ਦਾ ਜ਼ਿਕਰ ਕੀਤਾ। ਰੋਜ਼ ਦੇ ਕੰਮਾਂ ਵਿਚ ਗੁਰੂ ਮਹਾਰਾਜ ਵਕਤ ਦੇ ਪਾਬੰਦ ਸੀ। ਲੋਕੀਂ ਉਹਨਾਂ ਨੂੰ ਸੈਰ ਜਾਂਦੇ ਵੇਖਕੇ ਘੜੀਆਂ ਮਿਲਾਉਂਦੇ ਸੀ। ਉਹਨਾਂ ਦੇ ਚੇਹਰੇ ਦੀ ਚਮਕ ਅਨੋਖੀ ਸੀ। ਜਲਾਲ ਸੀ (ਆਪ ਜੀ ਦਾ ਸਾਰਾ ਬਿਆਨ ਭਰੇ ਦਿਲ ਨਾਲ ਸੀ। ਆਪ ਭਗਵਾਨ ਦੇਵਆਤਮਾ ਜੀ ਦੇ ਪੋਤੇ ਹਨ)

25-9-05 ਸਵੇਰੇ 8.00 ਵਜੇ

ਵਿਸ਼ੇ:- ਭਗਵਾਨ ਦੇਵਆਤਮਾ ਦਾ ਨੀਚ ਜੀਵਨ ਮਿਟਾਉਣ ਤੇ ਉੱਚ ਜੀਵਨ ਪ੍ਰਦਾਨ ਕਰਨ ਦਾ ਅਨੋਖਾ ਕਾਰਜ।

ਸਭਾਪਤੀ ਜੀ:- ਸ਼੍ਰੀਮਾਨ ਬਲਬਹਾਦੁਰ ਸਿੰਘ ਜੀ।

ਅਰਚਨ, ਦੇਵ ਸਤੋਤਰ ਦਾ ਗਾਨ ਅਤੇ ਵਿਆਖਿਆ ਕੀਤੀ ਗਈ। ਭਰੇ ਦਿਲ ਨਾਲ ਸਭਾਪਤੀ ਜੀ ਨੇ ਪ੍ਰਾਰਥਨਾ ਕੀਤੀ।

"ਮੇਰੇ ਜੀਵਨ ਕੇ ਦਾਤਾ, ਤੁਮਰੀ ਮਹਾਨ ਮਹਿਮਾ।" ਭਜਨ ਦਾ ਗਾਨ ਕੀਤਾ ਗਿਆ। ਸ਼੍ਰੀਮਾਨ ਨੌਧ ਸਿੰਘ ਜੀ ਸ਼੍ਰੀਮਾਨ ਜੁੱਲੀ ਰਾਮ ਜੀ ਅਤੇ ਸ਼੍ਰੀਮਾਨ ਸਰਦਾਰ ਹਰਨਾਮ ਸਿੰਘ ਜੀ ਦੇ ਸ਼ੁਰੂ ਦੇ ਜੀਵਨ ਦੀ ਭਿਆਨਕ ਦਸ਼ਾ ਦੇ ਬਾਰੇ ਦੱਸਿਆ ਗਿਆ। ਸ਼੍ਰੀਮਾਨ ਨੇਤ ਰਾਮ ਜੀ ਦੇ ਜੀਵਨ ਬਾਰੇ ਦੱਸਿਆ ਗਿਆ ਅਤੇ ਇਹ ਸਮਝਾਉਣ ਦਾ ਯਤਨ ਕੀਤਾ ਕਿ ਨੀਚ ਜੀਵਨ ਕੀ ਹੁੰਦਾ ਹੈ? ਇੱਕ ਭੈਣ ਆਪਣੀ ਛੋਟੀ ਭੈਣ ਦੇ ਦਹੇਜ ਨੂੰ ਵੇਖਕੇ ਈਰਖਾ ਨਾਲ ਜੱਲ ਉਠਦੀ ਹੈ। ਨੀਚ ਜੀਵਨ ਨਾਲ ਦੁਖ ਸੰਤਾਪ ਤੇ ਪੀੜਾ ਦਾ ਦੌਰ ਆਉਂਦਾ ਹੈ। ਆਤਮਾ ਦੇ ਜੀਵਨ ਦਾ ਨਾਸ਼ ਹੁੰਦਾ ਹੈ। ਇੱਕ ਜੇਠਾਨੀ ਨੇ ਆਪਣੀ ਦੇਵਰਾਨੀ ਦੇ ਸੰਦੂਕ ਨੂੰ ਈਰਖਾ ਨਾਲ ਭਰਕੇ ਅੱਗ ਲਗਾ ਦਿੱਤੀ। ਨੀਚ ਜੀਵਨ ਮਿਟਾਉਣ ਦੇ ਕੰਮ ਦੀ ਕਿਸੇ ਧਰਮ ਜਾਂ ਵਿਸ਼ਵਾਸ ਨਾਲ ਟਕਰਾਹਟ ਨਹੀਂ ਹੁੰਦੀ। ਸਭ ਧਰਮਾ ਲਈ ਜ਼ਰੂਰੀ ਏ ਕਿ ਉਹ ਨੀਚ ਜੀਵਨ ਮਿਟਾਉਣਾ ਆਪਣਾ ਲਕਸ਼ ਬਨਾਉਣ। ਇਸ ਲਈ ਧਰਮਾਂ ਦਾ ਇੱਕ ਹੋਣਾ ਜ਼ਰੂਰੀ ਹੈ। ਸਵਾਰਥ ਦਾ ਜੀਵਨ ਨਾਸ਼ ਦਾ ਜੀਵਨ ਹੈ।

ਸਭਾਪਤੀ ਜੀ ਨੇ ਆਪਣੇ ਮਾਤਾ ਜੀ ਦੀਆਂ ਅੱਖਾਂ ਵਿੱਚ ਪਾਣੀ ਆਉਣ ਦਾ ਲੇਜ਼ਰ ਨਾਲ ਮਿੰਟਾ ਵਿੱਚ ਇਲਾਜ ਹੋਇਆ ਦੱਸਿਆ। ਚੰਦ ਮਿੰਟਾਂ ਵਿੱਚ ਕੁਝ ਦਾ ਕੁਝ ਪਰਿਵਰਤਨ ਹੋ ਗਿਆ। ਕਾਨੂੰਨਗੋ ਜੁੱਲੀ ਰਾਮ ਜੀ ਦੀ ਰਿਸ਼ਵਤ ਗੁਰੂ ਮਹਾਰਾਜ ਦੇ ਪ੍ਰਭਾਵਾਂ ਨੇ ਚੰਦ ਮਿੰਟਾਂ ਵਿੱਚ ਛੁੜਵਾ ਦਿੱਤੀ। ਸਵਾਮੀ ਗੋਬਿੰਦ ਰਾਮ ਜੀ ਦੇ ਅੰਦਰ ਦੀ ਕਾਮ ਵਾਸਨਾ ਇੱਕ ਸਭਾ ਵਿੱਚ ਦੂਰ ਹੋ ਗਈ। ਇਹ ਇੱਕ ਨੀਚ ਜੀਵਨ ਮਿਟਾਉਣ ਦੀ ਸ਼ਾਨਦਾਰ ਘਟਨਾ ਹੈ।

ਦੇਵਆਤਮਾ ਦੇ ਪ੍ਰਭਾਵ ਕਿਤੋਂ ਵੀ ਨਹੀਂ ਮਿਲਦੇ। ਡਾਕਟਰ ਸਿਰੀ ਰਾਮ ਜੀ ਨੇ ਅੱਠ ਜਨਾਂ ਤੋਂ ਲਈ ਰਿਸ਼ਵਤ ਵਾਪਿਸ ਕੀਤੀ। ਸਾਰੀ ਜਾਏਦਾਦ ਵੇਚਕੇ ਦਾਨ ਕਰ ਦਿੱਤੀ। ਅਸੀਂ ਬਾਹਰ ਤੋਂ ਚਿਕਨ ਚੁਪੜੇ ਬਣੇ ਰਹਿੰਦੇ ਹਾਂ ਪਰ ਦੇਵ ਪ੍ਰਭਾਵਾਂ ਦੀ ਅਜਬ ਅਕਸੀਰ ਹੈ ਜੋ ਖਾਕ ਕੋ ਜਰ ਕਰ ਦੇਤੀ ਹੈਂ ਅਜਿਹੇ ਪ੍ਰਭਾਵ ਪਾਉਣੇ ਮਨੁੱਖ ਦਾ ਮਹਾ ਸੁਭਾਗ ਹੈ। ਉਨਾਂ ਤੋਂ ਪਿੱਛੋਂ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਵੀ ਭਗਵਾਨ ਦੇ ਅਦੁੱਤੀ ਮਹਾਨ ਦੇਵ-ਰੂਪ ਅਤੇ ਉਨ੍ਹਾਂ ਦੇ ਸ਼ਕਤੀਸ਼ਾਲੀ ਦੇਵ ਪ੍ਰਭਾਵਾਂ ਦੇ ਸਰੂਪ ਬਾਰੇ ਬਿਆਨ ਕੀਤਾ, ਅਤੇ ਦੱਸਿਆ ਕਿਵੇਂ ਉਨ੍ਹਾਂ ਦੀ ਜੋਤੀ ਸ਼ਕਤੀ ਦੇ ਪ੍ਰਭਾਵ ਮਰਦੀਆਂ ਰੂਹਾਂ ਦੀ ਰੱਖਿਆ ਤੇ ਵਿਕਾਸ ਕਰਦੇ ਹਨ। ਫੇਰ ਉਨ੍ਹਾਂ ਨੇ ਏਸੇ ਅਦੁੱਤੀ ਕਾਰਜ ਲਈ ਧਨ ਤੇ ਜਨ ਦੀ ਅਪੀਲ ਕੀਤੀ। ਉਨ੍ਹਾਂ ਸਤਿਸੰਗ ਵਿੱਚ ਸਮਾਂ ਦੇਣ ਤੇ ਸੇਵਾਕਾਰੀ ਹੋਣ ਲਈ ਵੀ ਪ੍ਰੇਰਨਾ ਕੀਤੀ। ਕੁਝ ਜਨਾਂ ਨੇ ਸਭ ਸਥਾਨਾਂ ਤੇ ਸਤਿਸੰਗ ਵਿੱਚ ਪੁੱਜ ਕੇ ਲਾਭ ਉਠਾਉਣ ਲਈ ਕਿਹਾ। 10 ਹਜਾਰ ਤੋਂ ਉੱਤੇ ਦਾਨ ਪ੍ਰਾਪਤ ਹੋਇਆ।

ਇਸ ਤੋਂ ਬਾਅਦ ਭਾਵ ਪ੍ਰਕਾਸ਼ ਦੀ ਸਭਾ ਹੋਈ। ਜਿਸ ਦੀ ਸੰਖੇਪ ਰਿਪੋਰਟ ਹੇਠਾਂ ਦੇ ਰਹੇ ਹਾਂ।

ਭਾਵ ਪ੍ਰਕਾਸ਼:-

1. **ਸ਼੍ਰੀਮਾਨ ਆਸਾ ਸਿੰਘ ਜੀ** : (ਇਕ 84 ਸਾਲਾਂ ਦੇ ਬਜ਼ੁਰਗ) ਮੂੰਹ ਕਾਲਾ ਕਰਨ ਨੂੰ ਜੀ ਕਰਦਾ ਹੈ। ਫਿਟਕਾਹ ਪੈ ਰਹੀ ਹੈ। (ਰੋ ਰੋ ਕੇ) ਨੀਚਤਾ ਦਿਸਦੀ ਹੈ।

2. **ਸ਼੍ਰੀ ਮਾਨ ਜਗੀਰ ਸਿੰਘ ਜੀ** : 10 ਸਭਾਂਵਾਂ ਸੁਣੀਆਂ ਹਨ, ਸਭ ਵਿੱਚ ਯੋਗਤਾ ਅਨੁਸਾਰ ਗਿਆਨ ਮਿਲਿਆ ਹੈ। ਇਸ ਮਹੌਲ ਵਿਚ ਪ੍ਰਭਾਵ ਮਿਲਦੇ ਰਹੇ ਹਨ। ਸ਼੍ਰੀਮਾਨ ਸੁਖਦੇਵ ਸਿੰਘ ਜੀ ਉਪਕਾਰੀ ਨਜ਼ਰ ਆ ਰਹੇ ਸਨ। ਹੋਰ ਵੀ ਉਪਕਾਰੀ ਨਜ਼ਰ ਆਉਂਦੇ ਰਹੇ ਹਨ। ਸ਼੍ਰੀ ਮਾਨ ਜੀ ਲਈ ਕਾਮਨਾ ਕਰਦਾ ਹਾਂ। ਮੇਰੀ ਨੀਚਤਾ ਹੈ ਕਿ ਮੈਂ ਇਕੱਲਾ ਆਇਆ ਹਾਂ ਪਰਿਵਾਰ ਨੂੰ ਲੈ ਕੇ ਆਉਣਾ ਸੀ। ਬਹੁਤ ਦੁਖ ਹੋ ਰਿਹਾ ਹੈ। ਸ਼੍ਰੀ ਮਤੀ ਜੀ ਨੂੰ ਲਿਆਉਂਦਾ ਤਾਂ ਹੋਰ ਵੀ ਫਾਇਦਾ ਹੋਣਾ ਸੀ। ਪ੍ਰਤਿਗਿਯਾ ਕਰਦਾ ਹਾਂ ਜਿੱਥੇ ਸ਼੍ਰੀਮਾਨ ਜੀ ਸਭਾ ਕਰੇਂਗੇ ਉੱਥੇ ਜ਼ਰੂਰ ਪਹੁੰਚਾਂਗਾ। ਸ਼੍ਰੀਮਤੀ ਜੀ ਨੂੰ ਪ੍ਰਾਰਥਨਾ ਕਰਾਂਗਾ । ਮਾਤਾ-ਪਿਤਾ ਨੂੰ ਬਹੁਤ ਦੁਖੀ ਕੀਤਾ ਹੈ। ਗੁਰੂ ਨੇ ਸੇਵਾ ਵਿਚ ਲਾ ਦਿੱਤਾ ਹੈ। ਮੈਂ ਇਸ ਸਿਖਿਆ ਨੂੰ ਛੰਡ ਨਹੀਂ ਸਕਦਾ। ਸ਼੍ਰੀਮਾਨ ਜੀਤ ਸਿੰਘ ਜੀ ਹੀਰਾ ਹਨ, ਇਸ ਤੋਂ ਵੀ ਵੱਧ ਹਨ। ਮੈਂ ਇਨ੍ਹਾਂ ਦਾ ਉਪਕਾਰ ਨਹੀਂ ਭੁਲਾ ਸਕਦਾ। ਮੇਰੀ ਮਾਤਾ ਦੀ ਸੇਵਾ ਵਿਚ ਕਈ ਦਿਨ ਮੱਦਦ ਕੀਤੀ ਹੋਰ ਮਰੀਜਾਂ ਦੀ ਵੀ ਸੇਵਾ ਕਰਦੇ ਰਹੇ। ਇੱਥੇ ਸਭ ਕੁਝ ਮਿਲਦਾ ਹੈ।

ਸ਼੍ਰੀਮਾਨ ਗੁਰਦੇਵ ਰਾਜ ਜੀ : ਨੀਚ ਜੀਵਨ ਸਾਹਮਣੇ ਆਇਆ ਹੈ, ਕੁਝ ਹੱਦ ਤੱਕ। ਮੈਂ ਪ੍ਰਤਿਗਿਆ ਕਰਦਾ ਹਾਂ ਕਿ ਇਸ ਵਿਚੋਂ ਨਿਕਲ ਸਕਾਂ। ਸੰਗਰਾਮ ਕਰਦਾ ਰਹਾਂਗਾ। ਮੇਰੇ ਵਿਚ ਅਜੇ ਬਹੁਤ ਕਮੀਆਂ ਹਨ।

ਸ਼ੀਮਤੀ ਭਰਪੂਰ ਕੌਰ ਜੀ:- ਮੇਰੇ ਜੀਵਨ ਦੇ ਦਾਤਾ ਦੀ ਅਮ੍ਰਿਤ ਵਰਖਾ ਵਿਚ ਆਕੇ ਧੰਨ ਧੰਨ ਹੋ ਗਈ। ਮੇਰੀ ਆਤਮਾ ਆਪ ਸਭ ਦਾ ਤੇ ਗੁਰੂ ਦਾ ਧੰਨਵਾਦ ਕਰਦੀ ਹੈ। ਆਤਮਾ ਮਰ ਜਾਣੀ ਸੀ, ਜੇ ਕੁਝ ਸਹਿਕਦੀ ਹੈ ਤਾਂ ਆਪ ਦੀ ਸਹਾਇਤਾ ਨਾਲ ਤੇ ਸਹਿਕਾਰੀ ਸ਼ਕਤੀਆਂ ਦੀ ਕਿਰਪਾ ਨਾਲ।

ਸ਼੍ਰੀਮਾਨ ਡਾ. ਮੁਨਸ਼ਾ ਸਿੰਘ ਜੀ :- ਇਕ ਸਾਥੀ ਨੂੰ ਲੈ ਕੇ ਆਇਆ ਹਾਂ ਨਸ਼ੇ ਕਾਰਨ ਉਹ ਕਾਫੀ ਨੁਕਸਾਨ ਉਠਾ ਚੁਕੇ ਹਨ। ਪੰਚਮ ਸ਼ਰਮਾ ਮੇਰੇ ਨਾਲ ਆਇਆ ਹੈ। ਪਰਸੋਂ ਤੋਂ ਅੱਜ ਤੱਕ ਇਸ ਨੇ ਕੋਈ ਨਸ਼ਾ ਨਹੀਂ ਕੀਤਾ। ਇਸ ਗਰੈਜੂਏਟ ਸਾਥੀ ਦਾ ਭਲਾ ਹੋ ਸਕੇ। ਮੇਰੀ ਮਿੱਥਿਆ ਦੂਰ ਹੋ ਗਈ, ਧਨ ਅਨੁਰਾਗ ਨਜ਼ਰ ਆਇਆ ਹੈ। ਕੁਝ ਤਿਆਗ ਸ਼ੁਰੂ ਹੋ ਗਿਆ। ਜੇ ਮੈਂ ਸਾਧਨ ਲਈ ਨਾ ਉਠਾਂ

ਤਾਂ ਤਕਲੀਫ ਹੁੰਦੀ ਹੈ। ਹੋਰ ਕੰਮ ਛੱਡ ਕੇ ਸਾਧਨ ਕਰਦਾ ਹਾਂ। ਛੋਟੇ-ਛੋਟੇ ਪਾਪ ਵੀ ਨਜ਼ਰ ਆਉਣ ਲੱਗੇ ਹਨ। ਸੁਆਦ ਕਾਰਨ ਵੱਧ ਖਾ ਜਾਣਾ ਵੀ ਪਾਪ ਲੱਗਦਾ ਹੈ। ਸ਼੍ਰੀ ਮਾਨ ਜੀ ਦੀ ਕਿਰਪਾ ਦਾ ਸਾਰੀ ਉਮਰ ਦੇਣ ਨਹੀਂ ਦੇ ਸਕਦਾ। ਇਨ੍ਹਾਂ ਨੌ ਦਿਨ ਘਰ ਰੱਖ ਕੇ, ਕੋਲੋਂ ਖੁਆ ਕੇ ਮੇ ਰਾ ਬਹੁਤ ਭਲਾ ਕੀਤਾ ਹੈ। ਮੈਂ ਇਨ੍ਹਾਂ ਦਾ ਬਹੁਤ ਜ਼ਿਆਦਾ ਸ਼ੁਕਰ ਗੁਜ਼ਾਰ ਹਾਂ।

ਸ਼੍ਰੀਮਾਨ ਦੱਤਾ ਜੀ :- ਮੇਰੀ ਬਚਪਨ ਦੀ ਜਿੰਦਗੀ ਬੜੀ ਖਰਾਬ ਸੀ। ਕਈ ਵਾਰ ਚੰਗਾ ਕੰਮ ਕਰਨ ਨੂੰ, ਇਸਤਰੀ ਦੀ, ਮਾਤਾ ਦੀ, ਸੇਵਾ ਕਰਨ ਨੂੰ ਜੀਅ ਕਰਦਾ ਹੈ। ਪਰ ਕੁਝ ਕਾਰਨਾਂ ਕਰਕੇ ਨਹੀਂ ਹੋ ਸਕਦੀ। ਸ਼ਰਾਬ, ਮਾਸ ਦਾ ਸੇਵਨ ਕਰਦਾ ਸੀ। ਕੋਈ ਬੁਰਾ ਨਹੀਂ ਲੱਗਦਾ ਸੀ। ਬਚਪਨ ਤੋਂ ਮੇਰੇ ਉਪਰ ਕਈ ਅਖੌਤੀ ਧਰਮ ਤੋਂ ਨਫਰਤ ਹੋ ਗਈ। ਮੈਂ ਜਗਰਾਤਿਆਂ ਵਿਚ ਗਾ ਦਿੰਦਾ ਸੀ। ਮੈਂ ਸਾਫ ਕਹਿ ਦਿੰਦਾ ਸੀ ਕਿ ਮੇਰੀ ਕੋਈ ਸ਼ਰਧਾ ਨਹੀਂ ਹੈ। ਤਰਕਸ਼ੀਲ ਸੁਸਾਇਟੀ ਨਾਲ ਵੀ ਲਿੰਕ ਰਿਹਾ। ਖੇੜਾ ਸਾਹਿਬ ਦਾ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਸਭਾ ਲਈ ਪ੍ਰੇਰਿਤ ਕੀਤਾ। ਸ਼ਰਾਬ, ਮਾਸ ਤੋਂ ਬਚ ਗਿਆ ਹਾਂ। ਮੈਂ ਜ਼ਿਆਦਾ ਤੋਂ ਜ਼ਿਆਦਾ ਟਾਈਮ ਕੱਢੂਂਗਾ ਸਤਿਸੰਗ ਲਈ।

ਸ਼੍ਰੀ ਪੰਚਮ ਸ਼ਰਮਾ:- ਮੈਨੂੰ ਕੁਝ ਸ਼ਕਤੀ ਮਿਲੀ ਹੈ। ਮੇਰੇ ਉਪਰ ਚੰਗੇ ਪ੍ਰਭਾਵ ਪਏ ਹਨ। ਮੈਂ ਨਸ਼ਿਆਂ ਤੋਂ ਬਚਿਆ ਰਹਾਂਗਾ।

ਸ਼੍ਰੀ ਮਾਨ ਸੁਖਦੇਵ ਸਿੰਘ ਜੀ : ਸੁਭਾਗ ਮਹਿਸੂਸ ਕਰਦਾ ਹਾਂ 18 ਤੋਂ ਸਭਾਂਵਾਂ ਸੁਣ ਰਿਹਾ ਹਾਂ। ਇਨ੍ਹਾਂ ਵਿਚ ਪਾਠ ਤੋਂ ਜ਼ਿਆਦਾ ਲਾਭ ਹੁੰਦਾ ਨਜ਼ਰ ਆਇਆ ਹੈ। ਨਵੀਂ ਦੁਨੀਆਂ ਖੁਲ੍ਹ ਰਹੀ ਹੈ। ਪਹਿਲਾਂ ਮੈਂ ਸੋਚਦਾ ਸਾਂ ਕਿ ਮੈਂ ਈਮਾਨਦਾਰ ਹਾਂ। ਹੁਣ ਈਮਾਨਦਾਰੀ ਦੀ ਹੋਰ ਸਮਝ ਆਈ ਹੈ। ਮੈ ਆਪਣੇ ਪਿਆਰੇ ਸਬੰਧੀ ਤੋਂ ਗਲਤ ਸਲੂਕ ਲਈ ਮੁਆਫੀ ਮੰਗਦਾ ਹਾਂ। ਕੀ ਮੈਂ ਆਪਣੇ ਆਪ ਨੂੰ ਕਦੇ ਸਜਾ ਦਿੱਤੀ ਹੈ। ਕਾਸ਼ ਐਸੇ ਗੁਰੂ ਵੱਲ ਸਦਾ ਲਈ ਮੂੰਹ ਰੱਖ ਸਕਾਂ। ਘੱਟੋ ਘੱਟ ਇਕ ਘੰਟਾ ਗੁਰੂ ਮਹਾਰਾਜ ਦੇ ਗ੍ਰੰਥਾਂ ਦਾ ਪਾਠ ਕਰਿਆ ਕਰਾਂਗਾ।

ਸ਼੍ਰੀਮਾਨ ਨਰੇਂਦਰ ਦੱਤ ਧੀਮਾਨ :- ਨੀਚ ਗਤੀਆਂ ਨਜ਼ਰ ਆਈਆਂ ਹਨ। ਮੈਂ ਮਾਤਾ ਜੀ ਦੇ ਕੁਝ ਪੈਸੇ ਚੁਰਾ ਲਏ। ਪੁੱਛਣ ਤੇ ਮੁਕਰ ਗਿਆ। ਮਾਂ ਨੇ ਕਮਰੇ ਵਿਚ ਬੰਦ ਕਰ ਦਿੱਤਾ। ਮਿੰਨਤਾ ਕਰਨ ਤੇ ਮਾਤਾ ਨੇ ਛੱਡਿਆ। ਮਾਤਾ ਦਾ ਇਹ ਉਪਕਾਰ ਨਜ਼ਰ ਆਇਆ ਹੈ। ਮੇਰਾ ਹੋਰ ਭਲਾ ਹੋ ਸਕੇ। ਮੈਂ ਇਸੇ ਤਰ੍ਹਾਂ ਆਉਂਦਾ ਰਹਾਂ।

ਸ਼੍ਰੀਮਾਨ ਗੋਪਾਲ ਜੀ :- ਮੈਂ ਬਹੁਤ ਰੋਇਆ ਭਜਨ ਸੁਣ ਕੇ ਪਤਾ ਨਹੀਂ ਕਿੰਨਾ ਲਾਭ ਹੋਇਆ। ਮੇਰੀ ਨਜ਼ਰ ਬਹੁਤ ਮਲੀਨ ਸੀ। ਮੇਰੀ ਅਵਸਥਾ ਕੁਝ ਬਿਹਤਰ ਹੋ ਰਹੀ ਹੈ। ਮੈਂ ਗੰਦੀ ਕਿਤਾਬਾਂ ਛੁਪਾ ਛੁਪਾ ਕੇ ਰੱਖਦਾ ਸੀ। ਇਥੇ ਲੱਗਦਾ ਹੈ ਕੁਝ ਭਲਾ ਹੋ ਸਕੇ। ਸਾਡੇ ਸਾਰੇ ਪਰਿਵਾਰ ਵਿਚ ਮੇਲ ਆ ਰਿਹਾ ਹੈ। ਮੇਰੇ ਪਿਤਾ ਜੀ ਦੀ ਈਮਾਨਦਾਰੀ ਬੁਰੀ ਲੱਗਦੀ ਹੈ। ਅੱਜ ਉਸ ਤੇ ਗਰਵ ਹੋ ਰਿਹਾ ਹੈ। ਡਾ. ਸਾਹਿਬ ਦੀ ਮੱਦਦ ਨਾਲ ਬਹੁਤ ਕੁਝ ਸਮਝ ਆ ਰਹੀ ਹੈ। ਮੇਰੀ ਭਾਬੀਆਂ ਮੇਰੀਆਂ ਭੈਣਾਂ ਬਨਦੀਆਂ ਜਾ ਰਹੀਆਂ ਹਨ। ਮੇਰੀ ਇਸੇ ਤਰ੍ਹਾਂ ਮੱਦਦ ਹੁੰਦੀ ਰਹੀ ਤਾਂ ਮੇਰਾ ਹੋਰ ਭਲਾ ਹੋ ਸਕੇਗਾ।

ਸ਼੍ਰੀਮਤੀ ਵੀਰਪਾਲ ਕੌਰ ਜੀ :- ਬਹੁਤ ਹੀ ਸਨਮਾਨ ਤੇ ਸ਼ਰਧਾ ਦੇ ਯੋਗ ਸਭਾਪਤੀ ਜੀ ਤੇ ਧਰਮ ਸਬੰਧੀਓ! ਮੈਨੂੰ ਲਗਦਾ ਹੈ ਕਿ ਅਸੀਂ ਜੋ ਸਾਰੇ ਹੀ ਸਤਿਸੰਗ ਵਿੱਚ ਬੈਠੇ ਹੋਏ ਹਾਂ ਬਹੁਤ ਹੀ ਸੁਭਾਗਵਾਨ ਹਾਂ, ਮੈਨੂੰ ਆਪਣੀਆ ਬਹੁਤ ਸਾਰੀਆਂ ਕਮਜੋਂਰੀਆਂ ਦਿਖਾਈ ਦਿੱਤੀਆਂ, ਮੈਂ ਆਪਣੇ ਗੁਰੂ ਦੇ ਅੱਗੇ ਪ੍ਰਤਿਗਿਆ ਕਰਦੀ ਹਾਂ ਕਿ ਆਪਣੀਆਂ ਇਨ੍ਹਾਂ ਕਮਜੋਂਰੀਆਂ ਨੂੰ ਦੂਰ ਕਰਾਂਗੀ ਤੇ ਮਹੌਤਸਵ ਤੱਕ ਆਪਣੇ ਗੁਰੂ ਦੇ ਅੱਗੇ ਪਹਿਲੇ ਤੋਂ ਬਹਿਤਰ ਹੋ ਕੇ ਬੈਠਾਂਗੀ। ਖਾਣ-ਪੀਣ ਦੀ ਜੋ ਸੇਵਾ ਪਾਈ ਹੈ, ਉਸ ਲਈ ਧਨਵਾਦੀ ਹਾਂ।

ਇਸ ਤੋਂ ਬਾਅਦ ਸਮੇਂ ਕਾਫੀ ਹੋ ਚੁੱਕੀਆ ਸੀ । ਸਭਾਪਤੀ ਜੀ ਨੇ ਕੀ ਭਗਵਾਨ ਦੇਵਆਤਮਾ, ਕੀ ਸਹਾਇਕਕਾਰੀ ਸ਼ਕਤੀਆਂ ਦਾ, ਕੀ ਸਭਾ ਕਰਵਾਉਣ ਵਾਲੇ ਜਨਾਂ ਦਾ, ਕੀ ਸਭਾ ਸੁਨਣ ਵਾਲੇ ਦਾ, ਕੀ ਸੇਵਾ ਕਰਨ ਵਾਲੇ ਦਾ, ਕੀ ਧਰਮਸ਼ਾਲਾ ਪ੍ਰਬੰਧ ਅਤੇ ਉਸਦੇ ਮਨੇਜਰ ਦਾ, ਕੀ ਭਜਨ ਗਾਉਣ ਵਾਲਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਕਿਰਪਾ ਦੁਆਰਾ ਇਹ ਪ੍ਰੋਗਰਾਮ ਕਿਸੇ ਅੰਸ਼ ਸਫਲ ਰਿਹਾ। ਇਸ ਤੋਂ ਬਾਅਦ ਦੇਵ ਆਰਤੀ ਦਾ ਗਾਣ ਕਰਕੇ ਸਭਾ ਸੰਪਨ ਹੋਈ।

ਸ਼ੁਭ ਸੰਗਰਾਮ

ਟ੍ਰਾਂਟੋ ਕਨੇਡਾ ਵਿਖੇ ਸਭਾਂਵਾਂ :

ਸ਼੍ਰੀਮਾਨ ਬਲਦੇਵ ਸਿੰਘ ਜੀ ਟ੍ਰਾਂਟੋ ਨਿਵਾਸੀ ਸਾਥੀਆਂ, ਖਾਸ ਕਰ ਸ਼੍ਰੀਮਾਨ ਬਲਵੰਤ ਰਾਏ ਜੀ (ਸ਼੍ਰੀਮਤੀ ਬਲਵੀਰ ਕੌਰ ਜੀ ਸ਼ਰਮਾ ਦੇ ਭਾਈ) ਬੀਬੀ ਰੀਟਾ ਜੀ (ਸਰਦਾਰ ਸਾਹਿਬ ਸ਼੍ਰੀਮਾਨ ਭਾਈ ਅਤਰ ਸਿੰਘ ਜੀ ਡਰੋਲੀ ਭਾਈ ਜੀ ਦੀ ਬੇਟੀ ਬੀਬੀ ਮਹਿੰਦਰ ਜੀ ਦੀ ਪੋਤੀ) ਸ਼੍ਰੀਮਾਨ ਜਸਮਿੰਦਰ ਸਿੰਘ ਜੀ ਚਹਿਲ ਆਦਿ ਦੀ ਜੋਰਦਾਰ ਇੱਛਾ ਨੂੰ ਲੈ ਕੇ, ਇੰਡਿਆਨਾ ਪੁਲਸ ਅਮਰੀਕਾ ਤੋਂ ਅਗਸਤ ਦੀ 11 ਤਾਰੀਖ ਦੁਪਹਿਰ ਨੂੰ ਏਥੇ ਪੁਜੇ। ਅਗੇ ਹਵਾਈ ਅੱਡੇ ਉੱਤੇ ਸ਼੍ਰੀਮਾਨ ਬਲਵੰਤ ਰਾਏ ਜੀ, ਮੋਗੇ ਦੇ ਗਿਲ ਨੌ ਜਵਾਨ ਸ਼੍ਰੀ ਬਾਬੂ ਜੀ ਨੂੰ ਨਾਲ ਲੈਕੇ ਪੁਜੇ। ਕਸਟਮ ਤੋਂ ਬਾਹਿਰ ਆਉਂਦਿਆਂ ਹੀ ਇਨ੍ਹਾਂ ਸਾਥੀਆਂ ਖੂਬ ਸੂਰਤ ਫੁਲਾਂ ਦੇ ਬੁਕੇ ਨੂੰ ਪੇਸ਼ ਕਰਦਿਆਂ ਅਤੀ ਝੁਕ ਕੇ ਪ੍ਰਣਾਮ ਕਰਕੇ ਸਵਾਗਤ ਕੀਤਾ। ਜਿੰਨੀ ਖੁਸ਼ੀ ਦਾ ਪ੍ਰਕਾਸ਼ ਕੀਤਾ ਅਤੇ ਧੰਨਵਾਦ ਦਿਤਾ, ਉਸ ਦਾ ਬਿਆਨ ਨਹੀਂ ਹੋ ਸਕਦਾ। ਆਪਣੇ ਨਵੇਂ ਸ਼ਾਨਦਾਰ ਘਰ ਵਿਖੇ ਸਭ ਤੋਂ ਉੱਤਮ ਤੇ ਵੱਡਾ ਬੈਡਰੂਮ ਸ਼੍ਰੀਮਾਨ ਜੀ ਲਈ ਰੀਜ਼ਰਵ ਕੀਤਾ ਹੋਇਆ ਸੀ। ਉਨ੍ਹਾਂ ਦੀ ਧਰਮ ਪਤਨੀ ਜੀ ਨੇ ਬਹੁਤ ਚੰਗਾ ਖਾਣਾ ਤਿਆਰ ਰੱਖਿਆ ਸੀ, ਉਹ ਖੁਆ ਕੇ ਸ਼੍ਰੀਮਾਨ ਜੀ ਨੂੰ ਆਰਾਮ ਕਰਨ ਲਈ ਭੇਜ ਦਿੱਤਾ। ਉਨ੍ਹਾਂ ਖੁਦ ਲੋਕਾਂ ਨੂੰ ਆਪਣੇ ਘਰ ਸਭਾ ਲਈ ਫੋਨ ਕਰਨੇ ਆਰੰਭ ਕਰ ਦਿੱਤੇ।

12 ਅਗਸਤ ਸ਼ਾਮ ਨੂੰ ਇਕ ਛੋਟੀ ਜੇਹੀ ਸਭਾ ਕੀਤੀ ਗਈ। ਇਸ ਵਿੱਚ 8 ਜਨ ਹੋ ਗਏ। ਸਭ ਨੂੰ ਸਵਾਲ ਪੁੱਛ ਪੁੱਛ ਕੇ ਸ਼੍ਰੀਮਾਨ ਜੀ ਨੇ ਸਭਾ ਵਿੱਚ involve ਕਰਦਿਆਂ, ਸਭਾ ਕਰਾਈ। ਇਸ ਵਿੱਚ ਦੱਸਿਆ ਗਿਆ ਕਿ ਕਿਸ ਪ੍ਰਕਾਰ ਨੀਚ ਸੁਖਾਂ ਨੂੰ ਵਧਾ ਕੇ ਇਨਸਾਨ ਬਰਬਾਦ ਹੋ ਜਾਂਦੇ ਹਨ। ਉਨ੍ਹਾਂ ਦੇ ਪੂਜਾ ਪਾਠ ਤੇ ਧਰਮ ਸਾਧਨ ਧਰੇ ਧਰਾਏ ਰਹਿ ਜਾਂਦੇ ਹਨ। ਛੋਟੇ ਬੱਚਿਆਂ ਨੂੰ ਪ੍ਰਣਾਮ ਸਿਖਾਉਣ ਦੀ ਤੇ ਵਡਿਆਂ ਦੀ ਆਗਿਆ ਪਾਲਣ ਤੇ ਸੇਵਾ ਦੀ ਆਦਤ ਪਾਉਣ ਨਾਲ ਬੜਾ ਹਿੱਤ ਹੋ ਸਕਦਾ ਹੈ। ਇਕ ਸੁਹਿਰਦ ਨੌਜਵਾਨ ਨੂੰ ਸਃ ਹਰਨਾਮ ਸਿੰਘ ਜੀ ਦਾ ਜੀਵਨ ਚਰਿਤ੍ਰ ਦਿੱਤਾ ਗਿਆ।

13 ਅਗਸਤ ਸ਼ਾਮ ਨੂੰ ਫੇਰ ਉੱਥੇ ਹੀ ਬਾਬੂ ਬਲਵੰਤ ਰਾਏ ਜੀ ਦੇ ਘਰ ਸਭਾ ਦਾ ਪ੍ਰੋਗਰਾਮ ਰੱਖਿਆ ਗਿਆ। ਏਥੇ ਕਈ ਪਰਿਵਾਰਾਂ ਦੇ ਵਿਅਕਤੀ 25-30 ਦੀ ਸੰਖਿਆ ਵਿੱਚ ਆ ਕੇ ਸ਼ਾਮਲ ਹੋਏ। ਬੀਬੀ ਰੀਟਾ ਜੀ ਸਭ ਦੇ ਖਾਣੇ ਲਈ ਦੋ ਚੰਗੇ ਪਦਾਰਥ ਖੀਰ ਸਮੇਤ ਬਣਾ ਕੇ ਲੈ ਕੇ ਆਈਆਂ। ਪਹਿਲਾਂ ਸਭ ਨੂੰ ਚਾਹ, ਜੂਸ ਆਦਿ ਨਾਲ ਮਿਠਾਈ ਤੇ ਸਮੋਸੇ ਆਦਿ ਖਵਾਏ ਗਏ। ਫੇਰ ਸ਼੍ਰੀਮਾਨ ਜੀ ਨੇ ਸਭ ਨੂੰ ਬਿਠਾ ਕੇ ਸਭਾ ਕਰਾਈ। ਸਭਾ ਵਿੱਚ ਸ਼੍ਰੀਮਾਨ ਜੀ ਹਾਜਰੀਨ ਨੂੰ ਸਵਾਲ ਕਰਦੇ, ਫੇਰ ਉਸੇ ਸਵਾਲ ਦਾ ਜਵਾਬ ਆਪ ਸਪਸ਼ਟ ਕਰਕੇ ਪੇਸ਼ ਕਰਦੇ ਗਏ। ਸਭ ਤੋਂ ਪਹਿਲੋਂ ਪੁੱਛਿਆ ਕਿ ਧਰਮ ਦੀ ਕਿਉਂ ਲੋੜ ਹੈ? ਫੇਰ ਪੁੱਛਿਆ ਧਰਮ ਹੁੰਦਾ ਕੀ ਹੈ? ਦੱਸਿਆ ਗਿਆ ਕਿ ਨੇਕ ਹੋਣ ਦਾ ਨਾਂ, ਚੰਗੇ Good ਬਣਨ ਦਾ ਨਾਂ, ਭਲੇ ਨੇਕ ਤੇ ਉੱਚੇ ਇਨਸਾਨ ਬਨਣਾ ਦਾ ਨਾਂ ਹੀ ਧਰਮ ਹੈ। ਭਲੇ ਤੇ ਚੰਗੇ ਇਨਸਾਨ ਦੀ ਕੀ ਪਰਖ ਹੈ? ਇਸ ਦਾ ਜਵਾਬ ਦਿਤਾ ਗਿਆ ਕਿ ਉਸ ਦੇ ਸਬੰਧ ਮਿੱਠੇ, ਪਰਸਪਰ ਸੇਵਾ ਭਰੇ ਤੇ ਸਵਰਗੀ ਹੋਣਗੇ। ਜੋ ਚੰਗਾ ਪੁੱਤਰ ਹੈ, ਜੋ ਚੰਗਾ ਬੇਟਾ ਹੈ, ਜੋ ਚੰਗਾ ਭਾਈ ਹੈ, ਜੋ ਚੰਗਾ ਪਤੀ ਹੈ, ਉਹ ਹੀ ਚੰਗਾ ਇਨਸਾਨ ਹੈ। ਜੋ ਚੰਗਾ ਪੜੋਸੀ ਹੈ ਉਹ ਨੇਕ ਇਨਸਾਨ ਹੈ। ਫੇਰ ਸਵਾਲ ਕੀਤਾ ਕਿ ਇਨਸਾਨ ਭੈੜਾ ਤੇ ਗੰਦਾ ਕਿਉਂ ਬਣ ਜਾਂਦਾ ਹੈ? ਇਸ ਦੇ ਜਵਾਬ ਵਿੱਚ ਦੱਸਿਆ ਗਿਆ ਨੀਚ ਸੁਖਾਂ ਦੇ ਵਧ ਜਾਣ ਨਾਲ ਇਨਸਾਨ ਲਾਜਮੀ ਗੰਦਾ ਬਣ ਜਾਂਦਾ ਹੈ। ਉਹ ਦੁਖ ਦਾਇਕ ਹੋ ਜਾਂਦਾ ਹੈ, ਆਪ ਦੁਖ ਭੋਗ ਕੇ ਬਰਬਾਦ ਹੁੰਦਾ ਹੈ। ਫੇਰ ਇਨਸਾਨ ਚੰਗਾ, ਨੇਕ ਤੇ ਭਲਾ ਕਿਵੇਂ ਬਣ

Regd. Postal No.Pb (0049s) 2003
Regd. with Registrar News Paper No. 69112/88

ਸਕਦਾ ਹੈ? ਉੱਚ ਭਾਵਾਂ ਦੇ ਪੈਦਾ ਕਰਨ ਨਾਲ ਇਨਸਾਨ ਚੰਗਾ ਬਣ ਜਾਂਦਾ ਹੈ। ਸਨਮਾਨ ਤੇ ਨਮਰਤਾ, ਸ਼ੁਕਰ ਗੁਜ਼ਾਰੀ, ਤੇ ਪਰ ਦੁਖ ਦੇ ਅਹਿਸਾਸ ਦੀਆਂ ਭਾਵਨਾਵਾਂ ਇਨਸਾਨ ਨੂੰ ਉੱਚਾ ਉਠਾਉਂਦੀਆਂ ਹਨ। ਇਹ ਉੱਚੇ ਭਾਵ, ਉੱਚ ਜੀਵਨ ਧਾਰੀਆਂ ਤੋਂ, ਉਨ੍ਹਾਂ ਦੀ ਸ਼ਰਨ ਤੋਂ ਇਸ ਸਤਿਸੰਗ ਤੋਂ ਪ੍ਰਾਪਤ ਹੋ ਸਕਦੇ ਹਨ। ਉਚਿਤ ਉਦਾਹਰਣਾਂ ਨਾਲ ਸਭ ਹਾਜਰੀਨ ਦੇ ਹਿਰਦਿਆਂ ਤੱਕ ਗੱਲ ਪਹੁੰਚਾਣ ਦਾ ਯਤਨ ਕੀਤਾ ਗਿਆ। ਸਭ ਹੀ ਸਭਾ ਤੋਂ ਬਹੁਤ ਪ੍ਰਭਾਵਤ ਹੋਏ। ਅਖੀਰ ਵਿੱਚ ਸ਼੍ਰੀ ਬਲਵੰਤ ਰਾਏ ਜੀ ਨੇ ਸ਼੍ਰੀਮਾਨ ਜੀ ਦੇ ਆਉਣ ਦੀ ਖੁਸ਼ੀ ਦਾ ਧੰਨਵਾਦ ਭਰਿਆ ਪੱਤਰ ਪੜ੍ਹਿਆ, ਅਤੇ 101 ਡਾਲਰ ਨਕਦ ਮਿਸ਼ਨ ਲਈ ਦਾਨ ਦਿੱਤਾ।

ਫੇਰ ਸਭ ਹਾਜਰੀਨ ਲਈ ਬਹੁਤ ਸ਼ਾਨਦਾਰ ਖਾਣਾ, ਸ਼੍ਰੀ ਬਲਵੰਤ ਰਾਏ ਜੀ ਦੀ ਧਰਮ ਪਤਨੀ ਜੀ ਨੇ ਤਿਆਰ ਕਰਕੇ ਖਿਲਾਇਆ। ਸਭ ਨੇ ਏਥੇ ਮਿਲ ਬੈਠ ਕੇ ਹਾਰਦਿਕ ਖੁਸ਼ੀ ਮਹਿਸੂਸ ਕੀਤੀ। ਬੀਬੀ ਸਵੀਟ ਆਪਣੇ ਪੁੱਤਰ ਸਮੇਤ ਸਭ ਤੋਂ ਪਹਿਲੋਂ ਕਾਫੀ ਦੂਰ ਤੋਂ ਏਥੇ ਪੁੱਜ ਗਈਆਂ।

ਪੁਰਾਣੇ ਸਾਥੀ ਸੇਵਕ ਮਾਸਟਰ ਖੁਸ਼ੀ ਸਿੰਘ ਜੀ ਢਿਲੋਂ ਦੇ ਸਾਹਿਬਜਾਦੇ, ਬਹੁਤ ਖੁਸ਼ੀ-ਖੁਸ਼ੀ ਸਾਰੇ ਪਰਿਵਾਰ ਨੂੰ ਲੈ ਕੇ ਸ਼ਰਧੇ ਬਜ਼ੁਰਗ ਸ਼੍ਰੀਮਾਨ ਮੇਵਾ ਸਿੰਘ ਜੀ ਨੂੰ ਯਾਦ ਕਰਦੇ ਰਹੇ। ਬਹੁਤ ਖੁਸ਼ੀ ਦਾ ਪ੍ਰਕਾਸ਼ ਕਰਦੇ ਰਹੇ। ਮੋਗੇ ਦੇ ਨੌਜਵਾਨ ਸ. ਰਣਜੀਤ ਸਿੰਘ ਜੀ ਗਿੱਲ ਜੋ ਆਪਣੇ ਸਾਰੇ ਪਰਿਵਾਰ ਨੂੰ, 5-6 ਜਨਾਂ ਸਮੇਤ ਲੈ ਕੇ ਸ਼ਾਮਲ ਹੋਏ। ਉਨ੍ਹਾਂ ਅਗਲੇ ਦਿਨ ਆਪਣੇ ਘਰ ਪ੍ਰੋਗਰਾਮ ਰੱਖਣ ਲਈ ਕਿਹਾ, ਅਤੇ ਆਪ ਸ਼੍ਰੀਮਾਨ ਜੀ ਨੂੰ ਟ੍ਰਾਂਟੋ ਜਿੱਥੇ ਵੀ ਜਾਣਾ ਹੋਵੇਗਾ, ਉਹ ਸੇਵਾ ਉਨ੍ਹਾਂ ਖੁਸ਼ੀ-ਖੁਸ਼ੀ ਆਪਣੇ ਜਿੰਮੇ ਲਈ।

ਇਸ ਪ੍ਰਕਾਰ ਇਹ ਪ੍ਰੋਗਰਾਮ ਸਭ ਲਈ ਹੀ ਹਿੱਤਕਰ ਸਿੱਧ ਹੋਇਆ, ਜਿਸ ਵਿੱਚ ਸ਼ਾਮਲ ਹਰ ਵਿਅਕਤੀ ਹੀ ਬਹੁਤ ਖੁਸ਼ੀ ਮਹਿਸੂਸ ਕਰਦਾ ਵਿਦਾ ਹੋਇਆ। ਪ੍ਰਗੋਰਾਮ ਕੋਈ 6.30 ਵਜੇ ਤੋਂ ਰਾਤ 11.00 ਵਜੇ ਤੱਕ ਜਾਰੀ ਰਿਹਾ, ਇਸ ਸਭ ਦਾ ਸਿਲਾ ਬਲਵੰਤ ਜੀ ਦੀ ਹਿੰਮਤ ਸੀ।

14-8-05, ਐਤਵਾਰ ਦੁਪਹਿਰ ਦਾ ਪ੍ਰੋਗਰਾਮ ਸ਼੍ਰੀ ਰਣਜੀਤ ਸਿੰਘ ਜੀ ਗਿੱਲ ਮੋਗਾ ਦੇ ਘਰ ਵਿੱਚ ਰੱਖਿਆ ਗਿਆ। ਇਹ ਨੌਜਵਾਨ ਸ਼੍ਰੀ ਸੁਖਦੇਵ ਸਿੰਘ ਜੀ ਗਿੱਲ, ਪੁਰਾਣੇ ਪੰਜਾਬੀ ਟੀਚਰ, ਦੇਵ ਸਮਾਜ ਸਕੂਲ ਮੋਗਾ, ਦੇ ਸਪੁੱਤਰ ਹਨ। ਉਨ੍ਹਾਂ ਵੀ ਦੁਪਹਿਰ ਸਮੇਂ 25-30 ਆਪਣੇ ਸਬੰਧੀਆਂ ਨੂੰ ਆਪਣੇ ਘਰ ਖਾਣੇ ਤੇ ਸੱਦਿਆ। ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਕਰਤੱਗਤਾ ਦੇ ਸੁੰਦਰ ਭਾਵ ਦੀ ਲੋੜ ਉੱਤੇ ਬਿਆਨ ਕੀਤਾ। ਬਹੁਤ ਸਾਰੇ ਹਾਜਰੀਨ ਮੋਗੇ ਦੇ ਰਹਿਣ ਵਾਲੇ ਸਨ। ਸਭ ਨੇ ਮਿਲ ਕੇ ਖੁਸ਼ੀ ਮਹਿਸੂਸ ਕੀਤੀ। ਸ਼੍ਰੀ ਰਣਜੀਤ ਸਿੰਘ ਜੀ ਗਿੱਲ ਨੇ 101 ਡਾਲਰ ਸਮਾਜ ਲਈ ਦਾਨ ਦਿੱਤਾ। ਬਲਵੰਤ ਰਾਏ ਜੀ ਨੇ ਸਭ ਹਾਜਰ ਜਨਾਂ ਦਾ ਧੰਨਵਾਦ ਕੀਤਾ ਤੇ ਆਪਣੀ ਖਾਸ ਖੁਸ਼ੀ ਦਾ ਪ੍ਰਕਾਸ਼ ਕੀਤਾ। ਸ਼੍ਰੀ ਗਿੱਲ ਜੀ ਦੇ ਤਾਇਆ ਜੀ

Continue ..Page 2

Printer, Publisher & Owned By Shriman Baldev Singh, House No. 3154, Sector 21-D, Chandigarh,

ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post